# ਗਦਰ ਦੀ ਗੂੰਜ ਨੰ: ੬

### ਦੇਸ਼ ਭਗਤਾਂ ਦੀ ਬਾਣੀ

## ਚਰਚਾ

# ਗੁਲਾਮ ਤੇ ਗਦਰੀ ਹਿੰਦੀ

ਜੋ

### ਸੋਧ ਕੇ ਤੇ ਵਧਾਕੇ ਦੂਜੀ ਵਾਰ ਛਾਪੀ ਗਈ



**ਸੱਨ ੧੯੩੩**

'ਗਦਰ ਪ੍ਰੈਸ' ਸਾਨਫਰਾਂਸਿਸਕੋ, ਅਮਰੀਕਾ ਵਿਚ ਅਡੀਟਰ 'ਹਿੰਦੁਸਤਾਨ ਗਦਰ' ਦੇ ਪ੍ਰਬੰਧ ਹੇਠ ਛਪੀ ਤੇ ਦਫਤਰ 'ਯੁਗਾਂਤਰ ਆਸ਼ਰਮ' ਵਿਚੋਂ ਪ੍ਰਕਾਸ਼ਤ ਹੋਈ ਜੋ ਹਰਇਕ ਗਦਰ ਪ੍ਰੇਮੀ ਨੂੰ ਮੁਫਤ ਭੇਜੀ ਜਾਂਦੀ ਹੈ ।।


**ਮਿਲਣੇ ਦਾ ਪਤਾ**

EDITOR 'HINDUSTAN GADAR' P. O. BOX. 895 SAN FRANCISCO
CALIFORNIA, U. S. A.

ਦੂਜੀ ਵਾਰ.................................................੧੫੦੦੦ ਪੁਸਤਕ

# ਚਰਚਾ

# ਗੁਲਾਮ ਹਿੰਦੀ ਤੇ ਗਦਰੀ ਹਿੰਦੀ

ਸੁਖਨ 'ਪ੍ਰੀਤਮ'

ਗੁਲਾਮ

ਦੋਹਰਾ :-

ਬਾਤਾਂ ਸੁਣ ਪੁਰਾਤਨੀ ਏਵੇਂ ਜਾਂਦਾ ਡੁਲ
ਸੁਖ ਅੰਗ੍ਰੇਜ਼ੀ ਰਾਜ ਦੇ ਪਲ ਵਿਚ ਜਾਂਦਾ ਭੁਲ

### ਕੋਰੜਾ ਛੰਦ

ਬਾਲਕਾਂ ਦਾ ਝੁੰਡ ਏਵੇਂ ਕੱਠਾ ਹੋ ਗਿਆ, ਰਾਜ ਦਾ ਚਲੌਣਾ ਕੇਹੜਾ ਠੱਠਾ ਹੋ ਗਿਆ।
ਸਾਗਰਾਂ ਦੀ ਰੀਸ ਕੀ ਕਰੇਂਦੀ ਛਪੜੀ, ਹੰਸਾਂ ਨਾਲ ਸਾਰਕੇ ਤੂੰ ਚਾਹੇ ਅਪੜੀ।
ਦਸੋ ਕਿਵੇਂ ਪਿੰਗਲਾ ਪਹਾੜ ਚੜ੍ਹੇਗਾ, ਰਾਜ ਅੰਗਰੇਜ਼ਾਂ ਪਿਛੋਂ ਕੌਣ ਕਰੇਗਾ ?

ਹਿੰਦੂਆਂ ਦੇ ਰਾਜ ਉਨਤੀ ਨਾ ਕਾਈ ਸੀ, ਆਪੋ ਵਿਚੀਂ ਖੂਨ ਦੀ ਨਦੀ ਵਗਾਈ ਸੀ।
ਰਾਜ ਮੁਸਲਮਾਨਾਂ ਦੇ ਮਚਾਈ ਅੱਤ ਸੀ, ਹਿੰਦੂ ਭਲੇਮਾਣਸਾਂ ਦੀ ਲਾਹੀ ਪੱਤ ਸੀ।
ਸਿਖਾ ਸ਼ਾਹੀ ਦੇਖ ਦਿਲ ਫੇਰ ਡਰੇਗਾ, ਰਾਜ ਅੰਗਰੇਜ਼ਾਂ ਪਿਛੋਂ ਕੌਣ ਕਰੇਗਾ ?

ਰਾਜਨੀਤੀ ਵਿਦਯਾ ਅਸੀਂ ਨਾ ਜਾਣਦੇ, ਦਾਓ ਸੋਚ ਸਕਦੇ ਨਾ ਲਾਭ ਹਾਣ ਦੇ।
ਹਿੰਦੂ ਮੁਸਲਮਾਨਾਂ ਦਿਲੋਂ ਖੋਟ ਹੋ ਗਈ, ਖੇਰੂੰ ਖੇਰੂੰ ਕੌਮ ਪੈਂਤੀ ਕੋਟ ਹੋ ਗਈ।
ਬਾਝੋਂ ਇਤਫਾਕ ਕੱਮ ਕੀਕੂੰ ਸਰੇਗਾ, ਰਾਜ ਅੰਗਰੇਜ਼ਾਂ ਪਿਛੋਂ ਕੌਣ ਕਰੇਗਾ ?

ਹਿੰਦੀ ਰਾਜਿਆਂ ਦਾ ਕੀ ਇਲਾਜ ਕਰਾਂਗੇ, ਇਕ ਦੂਜੇ ਨਾਲ ਕੱਟ ਕੱਟ ਮਰਾਂਗੇ।
ਮਜ਼ਹਬੀ ਬਖੇੜੇ ਨਾ ਨਬੇੜੇ ਜਾਣਗੇ, ਹਿੰਦੂ ਮੁਸਲਮਾਨ ਸਾਰੇ ਖੇਹ ਉੜਾਣਗੇ।
ਕਹੀ ਇਕ ਗਲ ਦੂਜਾ ਕੀਕੂੰ ਜਰੇਗਾ, ਰਾਜ ਅੰਗਰੇਜ਼ਾਂ ਪਿਛੋਂ ਕੌਣ ਕਰੇਗਾ ?

ਵਿਦਯਾ ਵਿਚਾਰਨੀ ਅਸੀਂ ਨਾ ਸਿਖੇ ਹਾਂ, ਸੌ ਵਿਚੋਂ ਬਾਨਵੇਂ ਨਾ ਪੜ੍ਹੇ ਲਿਖੇ ਹਾਂ।
ਚੱਜ ਨਾ ਅਚਾਰ ਹਿੰਦੀਆਂ ਨੂੰ ਕਾਈ ਹੈ, ਐਵੇਂ ਰਾਜ ਰਾਜ ਦੀ ਦੁਹਾਈ ਪਾਈ ਹੈ।
ਸ਼ਹਨਸ਼ਾਹੀ ਤਾਜ ਸਿਰ ਕੌਣ ਧਰੇਗਾ, ਰਾਜ ਅੰਗਰੇਜ਼ਾਂ ਪਿਛੋਂ ਕੌਣ ਕਰੇਗਾ ?

ਧੂਤਿਆਂ ਨੂੰ ਹਲ ਨਾ ਚਲੌਣਾ ਆਂਵਦਾ, ਮਿੱਠੀ ਸੁਰ ਨਾਲ ਨਹੀ ਬਲੌਣਾ ਆਂਵਦਾ।
ਕਪੜਾ ਨਾ ਬੂਟ ਪੈਰੀਂ ਪੌਣਾ ਆਂਵਦਾ, ਛੁਰੀ ਕਾਂਟੇ ਨਾਲ ਨਹੀ ਖਾਣਾ ਆਂਵਦਾ।
ਘਾਟਿਆਂ ਦੇ ਖਾਤੇ ਕੋਈ ਕੀਕੂੰ ਭਰੇਗਾ, ਰਾਜ ਅੰਗਰੇਜ਼ਾਂ ਪਿਛੋਂ ਕੌਣ ਕਰੇਗਾ?

ਇਕ ਸਾਡੀ ਬੋਲੀ ਤੇ ਸ਼ਕਲ ਇਕ ਨਾ, ਇਕੋ ਜੇਹਾ ਢੰਗ ਤੇ ਅਕਲ ਇਕ ਨਾ।
ਓਹੋ ਪਈਆਂ ਪੀੜ੍ਹੀਆਂ ਓਹੋ ਮਧਾਣੀਆਂ, ਚਰਖੀਆਂ ਤੇ ਮੋਹਲੇ ਉਖਲੀਆਂ ਪੁਰਾਣੀਆਂ।
ਏਹਨਾਂ ਬੰਧਨਾਂ 'ਚਿ ਭਾਈ ਕੌਣ ਮਰੇਗਾ, ਰਾਜ ਅੰਗਰੇਜ਼ਾਂ ਪਿਛੋਂ ਕੌਣ ਕਰੇਗਾ?

ਸੱਠ ਲੱਖ ਸਾਧ ਬੈਠੇ ਲੱਮੀ ਤਾਣਕੇ, ਖਾਂਦੇ ਦੁਧ ਪੇੜੇ ਸਭ ਨੂੰ ਰੰਝਾਣ ਕੇ।
ਸੁਰਤ ਬਿਰਤ ਆਖਿਆਂ ਬਖੇੜੇ ਮੱਚਦੇ, ਐਵੇਂ ਬਣ ਬੈਠੇਦੇ ਪੁਜਾਰੀ ਸੱਚ ਦੇ।
ਕੌਮ ਲਈ ਆਖ ਦਿੰਦੇ ਕੇਹੜਾ ਮਰੇਗਾ, ਰਾਜ ਅੰਗਰੇਜ਼ਾਂ ਪਿਛੋਂ ਕੌਣ ਕਰੇਗਾ?

ਰਾਏ ਖਾਨ 'ਬਾਂਦਰਾਂ' ਕੀ ਨੀਤਾਂ ਧਾਰੀਆਂ, ਡਾਢੇ ਤੰਗ ਕੀਤੇ ਅਸੀਂ ਸਰਦਾਰੀਆਂ।
ਦੁਸ਼ਮਣਾਂ ਦੇ ਵਾਸਤੇ ਅਕਾਸ਼ ਪਾੜਦੇ, ਵਤਨੀ ਸਪੁਤਰਾਂ ਨੂੰ ਫਾਂਸੀ ਚਾੜ੍ਹਦੇ।
'ਪ੍ਰੀਤਮ' ਜੀ ਲੂਣ ਵਾਂਗ ਕੌਣ ਖਰੇਗਾ, ਰਾਜ ਅੰਗਰੇਜ਼ਾਂ ਪਿਛੋਂ ਕੌਣ ਕਰੇਗਾ?

ਗਦਰੀ

### ਦੋਹਰਾ :-

ਅਸੀਂ ਵਤਨ ਦੇ ਬਾਲਕੇ ਵਤਨ ਅਸਾਡਾ ਬਾਪ
ਦੇਸੋਂ ਕੱਢ ਫਰੰਗੀਆਂ ਰਾਜ ਕਰਾਂਗੇ ਆਪ

### ਕੋਰੜਾ ਛੰਦ

ਕੇਹੜੀ ਰਾਜਨੀਤੀ ਜੋ ਅਸੀਂ ਨਾ ਜਾਣਦੇ, ਕੇਹੜਾ ਲਾਭ ਹਾਣ ਜਿਨੂੰ ਨਹੀ ਪਛਾਣਦੇ?
ਹਿੰਦੂਆਂ ਦੇ ਰਾਜ ਨੂੰ ਤੂੰ ਐਵੇਂ ਭੰਡਦਾ, ਮੋਮਨਾਂ ਨੂੰ ਦਸੇਂ ਸੋਮਾ ਦੰਗੇ ਕੰਗ ਦਾ।
ਸਿਖਾ ਸ਼ਾਹੀ ਪਾਸੋਂ ਅਸੀਂ ਕਾਹਨੂੰ ਡਰਾਂਗੇ, ਰਾਜ ਅੰਗਰੇਜ਼ਾਂ ਪਿਛੋਂ ਆਪ ਕਰਾਂਗੇ।

ਜੇਹੜੇ ਯੁਗ ਹਿੰਦੂਆਂ ਨੇ ਮੌਜਾਂ ਮਾਣੀਆਂ, ਉਸ ਵੇਲੇ ਕਿਥੇ ਸੀ ਏਹ ਬਰਤਾਨੀਆ?
ਜੰਗਲਾਂ ਦੇ ਵਿਚ ਵੈਹਸ਼ੀਆਂ ਦੇ ਹਾਲ ਸਨ, ਅਜ ਵਾਂਗੂ ਕਾਹਨੂੰ ਕਦੇ ਮਾਲਾਮਾਲ ਸਨ।
ਮਾਰਾਂਗੇ ਫਰੰਗੀ ਇਤਫਾਕ ਕਰਾਂਗੇ, ਰਾਜ ਅੰਗਰੇਜ਼ਾਂ ਪਿਛੋਂ ਆਪ ਕਰਾਂਗੇ।

ਕੌਮ ਸਾਡੀ ਏਹਨਾਂ ਪਾਜ਼ੀਆਂ ਨੇ ਪਾੜੀ ਹੈ, ਕਲਾ ਰਾਜ ਕਾਜ ਦੀ ਏਹਨਾਂ ਵਗਾੜੀ ਹੈ।
ਹਿੰਦੂ ਮੁਸਲਮਾਨਾਂ ਦਾ ਸਵਾਲ ਛੇੜਿਆ, ਭਾਈ ਨਾਲੋਂ ਭਾਈ ਏਹਨਾਂ ਚਾ ਨਿਖੇੜਿਆ।
ਰਹੇ ਜੇ ਗੁਲਾਮ ਬੁਰੀ ਮੌਤ ਮਰਾਂਗੇ, ਰਾਜ ਅੰਗਰੇਜ਼ਾਂ ਪਿਛੋਂ ਆਪ ਕਰਾਂਗੇ।

ਰਾਜੇ ਰਜਵਾੜੇ ਸਾਰੇ ਲਾਹੇ ਜਾਣਗੇ, ਰਾਜ ਕਾਜ ਆਪ ਮੇਹਨਤੀ ਚਲਾਣਗੇ।
ਸ਼ੇਹ ਅੰਗਰੇਜ਼ੀ ਨਾਲ ਸਭੇ ਆਕੜਾਂ, ਗਦਰ ਉੜਾਊ ਏਹਨਾਂ ਦੀਆਂ ਫਾਕੜਾਂ।
ਮਜ਼ਹਬੀ ਜ਼ੰਜੀਰਾਂ ਪਰੇ ਤੋੜ ਧਰਾਂਗੇ, ਰਾਜ ਅੰਗਰੇਜ਼ਾਂ ਪਿਛੋਂ ਆਪ ਕਰਾਂਗੇ।

ਵਿਦਯਾ ਗਿਯਾਨ ਅੰਗਰੇਜ਼ਾਂ ਰੋਕਿਆ, ਜ਼ੈਹਰ ਗੁਲਾਮੀ ਵਿਚ ਸਿਰਾਂ ਠੋਕਿਆ।
ਖਾਣ, ਪੀਣ, ਪੈਹਨਣਾ ਕੀ ਵੱਡੀ ਬਾਤ ਹੈ, ਸੂਟ ਬੂਟ ਪੌਣਾ ਕੇਹੜੀ ਕਰਾਮਾਤ ਹੈ।
ਖਾਤੇ ਕਮਜ਼ੋਰੀਆਂ ਦੇ ਛੇਤੀਂ ਭਰਾਂਗੇ, ਰਾਜ ਅੰਗਰੇਜ਼ਾਂ ਪਿਛੋਂ ਆਪ ਕਰਾਂਗੇ।

ਰੂਸ ਰਾਜ ਵਿਚ ਦੇਖੋ ਕਈ ਬੋਲੀਆਂ, ਮਾਰ ਭੈੜੇ 'ਜ਼ਾਰ' ਨੂੰ ਕਰਨ ਹੋਲੀਆਂ।
ਭੇਦ ਤੈਨੂੰ ਦਸਾਂ ਗੋਰਿਆਂ ਦੀ ਪੀਰੀ ਦਾ, ਓਹੋ ਹੇਤੂ ਜਾਣੀ ਹਿੰਦੀਆਂ ਅਸੀਰੀ ਦਾ।
ਸਾਰੇ ਹਿੰਦੀ ਜਦੋਂ ਇਕ ਮਿਕ ਕਰਾਂਗੇ, ਰਾਜ ਅੰਗਰੇਜ਼ਾਂ ਪਿਛੋਂ ਆਪ ਕਰਾਂਗੇ।

ਰਸਮੋ ਰਵਾਜ ਸਾਡਾ ਨਹੀ ਧਾਰਿਆ, ਜਦੋਂ ਦਾ ਫਰੰਗੀਆਂ ਮੁਲਕ ਮਾਰਿਆ।
ਰੰਗ ਸਾਡੇ ਨਾਲ ਏਹਨਾਂ ਦਾ ਨਹੀ ਮਿਲਦਾ, ਦੇਵੇ ਇਕ ਦੂਜੇ ਨੂੰ ਨਾ ਭੇਦ ਦਿਲ ਦਾ।
ਕੱਢਕੇ ਬਗਾਨੇ ਘਰ ਆਪ ਵੜਾਂਗੇ, ਰਾਜ ਅੰਗਰੇਜ਼ਾਂ ਪਿਛੋਂ ਆਪ ਕਰਾਂਗੇ।

ਜਿੱਚਰ ਫਰੰਗੀ ਦੀਆਂ ਬਦਕਾਰੀਆਂ, ਤਦੋਂ ਤੀਕ ਰਾਏ, ਖਾਨ, ਸਰਦਾਰੀਆਂ।
ਨਾਲ ਏਹਨਾਂ ਡਾਕੂਆਂ ਮੁਫਤ ਖੋਰੀਆਂ, ਬਾਦ ਹੋਣ ਬੰਦ ਲੁੱਟਾਂ ਅਤੇ ਚੋਰੀਆਂ।
ਏਕਤਾ ਬਰਾਬਰੀ ਅਸੂਲ ਕਰਾਂਗੇ, ਰਾਜ ਅੰਗਰੇਜ਼ਾਂ ਪਿਛੋਂ ਆਪ ਕਰਾਂਗੇ।

ਕਮਰਾਂ ਨੂੰ ਕੱਸੋ ਹਿਮਤਾਂ ਨੂੰ ਹਾਰੋ ਨਾ, ਵਤਨ ਆਜ਼ਾਦੀ ਨੂੰ ਮਨੋ ਵਸਾਰੋ ਨਾ।
ਗਦਰੀ ਦੇ ਅੱਗੇ ਔਕੜਾਂ ਨਾ ਠੈਹਰੀਆਂ, ਲੈਨਿਨ, ਕਮਾਲ ਵਾਂਗ ਮਾਰੋ ਵੈਰੀਆਂ।
'ਪ੍ਰੀਤਮ' ਜੀ ਦੁਖ ਛਾਤੀ ਡਾਹਕੇ ਜਰਾਂਗੇ, ਰਾਜ ਅੰਗਰੇਜ਼ਾਂ ਪਿਛੋਂ ਆਪ ਕਰਾਂਗੇ।

ਗੁਲਾਮ **ਦੋਹਰਾ :-**

ਰਾਜ ਰਾਜ ਪਏ ਕੂਕਦੇ ਲੈਕੇ ਖਾਲੀ ਹੱਥ
ਪੈਸਾ, ਇਲਮ ਨਾ ਪਾਸ ਹੈ ਪੌਂਦੇ ਐਵੇਂ ਸਥ

## ਕੋਰੜਾ ਛੰਦ

ਰਾਜ ਰਾਜ ਆਖਿਆਂ ਨਾ ਰਾਜ ਹੋਵੇਗਾ, ਚੰਦ ਵਲ ਥੁਕਿਆਂ ਕੀ ਕਾਜ ਹੋਵੇਗਾ।
ਗਲਾਂ ਬਾਤਾਂ ਨਾਲ ਨਹੀ ਰਾਜ ਮਿਲਦੇ, ਜਦੋਂ ਤਾਈਂ ਫਿਸਦੇ ਨਾ ਛਾਲੇ ਦਿਲ ਦੇ।
ਪੱਥਰਾਂ ਦੇ ਨਾਲ ਦੇਖੋ ਸਿਰ ਮਾਰਦੇ, ਦੇਖੇ ਨਹੀ ਹੱਥ ਅਜੇ ਸਰਕਾਰ ਦੇ।

ਕਈ ਲੱਖ ਫੌਜ ਨਾਲ ਤੋਪਖਾਨਿਆਂ, ਖੁਫੀਆ ਪੁਲਸ ਸੈਹਤ ਰਾਜੇ ਰਾਣਿਆਂ।
ਹਿੰਦੂ ਮੁਸਲਮਾਨ ਸਭ ਕੈਹੰਦੇ ਆਪ ਹਨ, ਅੰਗਰੇਜ਼ ਸਾਰਿਆਂ ਦੇ ਮਾਈ ਬਾਪ ਹਨ।
ਵਫਾਦਾਰੀ ਜਾਏ ਨਾਲ ਵਫਾਦਾਰ ਦੇ, ਦੇਖੇ ਨਹੀ ਹੱਥ ਅਜੇ ਸਰਕਾਰ ਦੇ।

ਖਾਨਾਂ ਜੰਗੀਆਂ ਨੇ ਸਾਡਾ ਸੀਨਾ ਸੱਲਿਆ, ਰੱਬ ਨੇ ਫਰੰਗੀਆਂ ਨੂੰ ਆਪ ਘੱਲਿਆ।
ਮਸਾਂ ਜਹੇ ਸੁਖ ਦਾ ਸੁਵਾਸ ਆਇਆ ਹੈ, ਬਾਗੀ ਬੇਅਰਾਮਿਆਂ ਨੇ ਸ਼ੋਰ ਪਾਇਆ ਹੈ।
ਭੁੱਲੇ ਨਹੀਂ ਸਮੇ ਸਾਨੂੰ ਮਾਰੋ ਮਾਰ ਦੇ, ਦੇਖੇ ਨਹੀਂ ਹੱਥ ਅਜੇ ਸਰਕਾਰ ਦੇ।

ਹਿੰਦੀਆਂ ਨੂੰ ਦੇਖਿਆ ਨਲੈਕ ਰੱਬ ਨੇ, ਰਾਜ ਦਿਤਾ ਗੋਰਿਆਂ ਇਸੇ ਸਬਬ ਨੇ।
ਸ਼ੇਰ ਅਤੇ ਬੱਕਰੀ ਅੱਕਠੇ ਕਰ ਲਏ, ਅੱਗ ਪਾਣੀ ਦੋਹਾਂ ਦੇ ਚਬੱਚੇ ਭਰ ਲਏ।
ਰੋਕੇ ਨੇ ਦ੍ਰਿਸ਼ ਆਕੇ ਹਾ ਹਾ ਕਰਦੇ, ਦੇਖੇ ਨਹੀ ਹੱਥ ਅਜੇ ਸਰਕਾਰ ਦੇ।

ਦੇਖੋ ਬੁੱਢੇ ਬਾਬਿਆਂ ਤੋਂ ਗੱਲ ਸੁਣਕੇ, ਪਿਛਲੀ ਸਣੌਣ ਕਿਵੇਂ ਸਿਰ ਧੁਣ ਕੇ।
ਹੁਣਦਾ ਤੇ ਪਿਛਲਾ ਜ਼ਮਾਨਾ ਦਸਦੇ, ਪਿੱਛਾ ਦੇਖ ਰੋਂਦੇ ਅਗੇ ਵਲ ਹਸਦੇ।
ਯਾਦ ਕਰ ਪਿੱਛਾ ਸਾਰੇ ਡਾਡਾਂ ਮਾਰਦੇ, ਦੇਖੇ ਨਹੀ ਹੱਥ ਅਜੇ ਸਰਕਾਰ ਦੇ।

ਸੱਤਾਂ ਸਾਗਰਾਂ ਤੇ ਅੰਗਰੇਜ਼ੀ ਰਾਜ ਹੈ, ਜਾਰਜ ਹਜ਼ੂਰ ਸਾਡਾ ਮਹਾਂਰਾਜ ਹੈ।
ਜ਼ੋਰਾਵਰ ਦੁਨੀਆ ਚੋਂ ਜੰਗੀ ਬੇੜਾ ਹੈ, ਸੌਹਾਂ ਹੋਕੇ ਏਸ ਕੋਲੋਂ ਰਿਹਾ ਕੇਹੜਾ ਹੈ।
ਕੇਹੜੀ ਜਗ੍ਹਾ ਖਾਲੀ ਬਾਝੋਂ ਰੇਲ ਤਾਰ ਦੇ, ਦੇਖੇ ਨਹੀ ਹੱਥ ਅਜੇ ਸਰਕਾਰ ਦੇ।

ਤੋੜ ਦਿਤਾ ਨੱਕ ਸਾਰੇ ਅਭਮਾਨੀਆਂ, ਬੜਾ ਹੀ ਬਹਾਦਰ ਹੈ ਬਰਤਾਨੀਆਂ।
ਮਜ਼ਹਬੀ ਆਜ਼ਾਦੀ ਨੂੰ ਨਾ ਹੱਥ ਲਾਂਵਦੇ, ਰਾਜ ਇਨਸਾਫ ਦਾ ਬੜਾ ਕਮਾਂਵਦੇ।
ਦੁਧ ਵਿਚੋਂ ਪਾਣੀ ਵਖਰਾ ਨਤਾਰਦੇ, ਦੇਖੇ ਨਹੀਂ ਹੱਥ ਅਜੇ ਸਰਕਾਰ ਦੇ।

ਮਾਣ ਏਹ ਨਮਾਣਿਆਂ ਦਾ ਜਗ ਜਾਣਦਾ, ਪੂਰਾ ਅੰਗਰੇਜ਼ ਆਪਣੀ ਜ਼ਬਾਨ ਦਾ।
ਕੱਢ ਲਓ ਚੀਰ ਭਾਵੇਂ ਸਾਰਾ ਹਿਰਦਾ, ਪਰ ਅੰਗਰੇਜ਼ ਨਹੀਂ ਜ਼ਬਾਨੋ ਫਿਰਦਾ।
ਕਰਨ ਭਲਾਈ ਭਾਵੇਂ ਜਾਨ ਮਾਰਦੇ, ਦੇਖੇ ਨਹੀਂ ਹੱਥ ਅਜੇ ਸਰਕਾਰ ਦੇ।

ਸੁਣ ਭਾਈ ਬਾਗੀਆ ਮੈਂ ਤੈਨੂੰ ਦਸਦਾ, ਤੇਰੇ ਵੱਲ ਦੇਖ ਸਾਰਾ ਜੱਗ ਹਸਦਾ।
ਆਖਣ ਦੀਵਾਨਾ ਮੇਰਿਆ ਵਿਚਾਰਿਆ, ਐਵੇਂ ਕਿਉਂ ਮੁਸੀਬਤਾਂ ਦਾ ਫਿਰੇਂ ਮਾਰਿਆ।
ਬੈਹਕੇ ਦਿਨ ਕਟ 'ਪ੍ਰੀਤਮਾਂ' ਬਹਾਰ ਦੇ, ਦੇਖੇ ਨਹੀਂ ਹੱਥ ਅਜੇ ਸਰਕਾਰ ਦੇ।

ਗਦਰੀ

### ਦੋਹਰਾ :-

ਤੇਰੇ ਜੈਸੇ ਬੁਜ਼ਦਿਲਾਂ ਦਿੱਤਾ ਖੂਨ ਨਚੋੜ
ਸੁਣ ਐਲਾਨੇ ਜੰਗ ਨੂੰ ਲੱਗੇ ਫਿਰਨ ਮਰੋੜ

### ਕੋਰੜਾ ਛੰਦ

ਬਾਗੀਆਂ ਦੇ ਹੱਥ ਸਾਰੀ ਕਰਾਮਾਤ ਹੈ, ਜਿਮੀਂ ਨੂੰ ਹਲੋਣਾ ਇਕ ਨਿਕੀ ਬਾਤ ਹੈ।
ਗਦਰੀ ਦੇ ਤੇਜ ਨੂੰ ਤੂੰ ਨਹੀਂ ਜਾਣਦਾ, ਖਾਕ ਵਿਚੋਂ ਫਿਰੇਂ ਐਵੇਂ ਲਾਲ ਛਾਣਦਾ।
ਦੇਖਕੇ ਝਲੱਕ ਖੂਨੀ ਤਲਵਾਰ ਦੀ, ਸੁਧ ਬੁਧ ਭੁਲ ਜਾਸੀ ਸਰਕਾਰ ਦੀ।

ਜ਼ਾਲਮ ਹਮੇਸ਼ਾਂ ਹੀ ਦਬੋਂਦੇ ਆਏ ਨੇ, ਮਜ਼ਲੂਮ ਜ਼ਾਲਮਾਂ ਨੂੰ ਖਾਂਦੇ ਆਏ ਨੇ।
ਕੀਤਾ ਹੈ ਜ਼ੁਲਮ ਸਦਾ ਹੀ ਰਕੀਬਾਂ ਨੇ, ਜਿੱਤੀ ਹੈ ਆਜ਼ਾਦੀ ਸਦਾ ਹੀ ਗਰੀਬਾਂ ਨੇ।
ਤਵਾਰੀਖ ਫੋਲ ਦੇਖੋ ਸੰਸਾਰ ਦੀ, ਸੁਧ ਬੁਧ ਭੁਲ ਜਾਸੀ ਸਰਕਾਰ ਦੀ।

ਪੂਜਾ ਬਲ ਅੱਗੇ ਤੋਪਖਾਨਾ ਹੇਚ ਹੈ, ਖੁਫੀਆ ਪੁਲਸ ਰਾਜਾ ਰਾਣਾ ਹੇਚ ਹੈ।
ਦਗੇਬਾਜ਼ ਆਪਣਾ ਬੇਗਾਨਾ ਏਕ ਹੈ, 'ਜ਼ਿੰਦਗੀ ਯਾ ਮੌਤ' ਪਰ ਨਸ਼ਾਨਾ ਏਕ ਹੈ।
ਕੀ ਹੈ ਕਦਰ ਕਿਸੇ ਅਹਲਕਾਰ ਦੀ, ਸੁਧ ਬੁਧ ਭੁਲ ਜਾਸੀ ਸਰਕਾਰ ਦੀ।

ਗਦਰੀ ਦੇ ਮਾਪੇ ਸ਼ੇਰ ਮਰਦ ਆਪ ਹਨ, ਪਾਜੀਆਂ ਦੇ ਪਾਜੀ ਏਹ ਫ੍ਰੰਗੀ ਬਾਪ ਹਨ।
ਮਾਰੀਦੀਆਂ ਉਡ ਜਾਣ ਵਫ਼ਾਦਾਰੀਆਂ, ਵੈਦ ਦੇਖ ਰੋਗੀ ਕੋਲੋਂ ਜਿਉਂ ਬਿਮਾਰੀਆਂ।
ਸੁਣੇ ਕੌਣ ਤੂਤੀ, ਵਾਜ ਹੈ ਨੱਕਾਰ ਦੀ, ਸੁਧ ਬੁਧ ਭੁਲ ਜਾਸੀ ਸਰਕਾਰ ਦੀ।

ਰੱਬ ਦਾ ਖਲੀਫਾ ਦੇਖੋ ਗਿਆ ਮਾਰਿਆ, ਨੌਜਵਾਨ ਟਰਕਾਂ ਗਦੀਓਂ ਉਤਾਰਿਆ।
ਆਇਰਲੈਂਡ ਇਟਲੀ ਆਜ਼ਾਦ ਹੋ ਗਏ, ਰੱਬ ਘੱਲੇ ਰਾਜੇ ਬਰਬਾਦ ਹੋ ਗਏ।
ਚੱਲੀ ਨਾ ਗਦਰ ਅੱਗੇ ਇਕ ਜ਼ਾਰ ਦੀ, ਸੁਧ ਬੁਧ ਭੁਲ ਜਾਸੀ ਸਰਕਾਰ ਦੀ।

ਵਤਨ ਬਦੇਸ਼ੀਆਂ ਨੇ ਲੁਟ ਖਾਇਆ ਹੈ, ਆਖੇਂ ਤੂੰ ਏਹ ਸੁਖ ਦਾ ਸੁਵਾਸ ਆਇਆ ਹੈ।
ਘਾਤ ਲਾਕੇ ਸ਼ੇਰ ਪਿੰਜਰੇ 'ਚਿ ਪਾ ਲਿਆ, ਲੋਕਾਂ ਭਾਣੇ ਸ਼ੇਰ ਬੱਕਰੀ ਰਲਾ ਲਿਆ।
ਗੀਦੀ ਸੁਣੀ ਬੁੱਭ ਜਦੋਂ ਬਲਕਾਰ ਦੀ, ਸੁਧ ਬੁਧ ਭੁਲ ਜਾਸੀ ਸਰਕਾਰ ਦੀ।

ਭੋਲਿਆਂ ਭੁਲੇਖਾ ਦਿਤਾ ਹੈ ਫਰੰਗੀ ਨੇ, ਏਨ੍ਹਾਂ ਪੈਰੋਂ ਜਨਮ ਲੀਤਾ ਖਾਨਾ ਜੰਗੀ ਨੇ।
ਜਿਥੇ ਬਦਮਾਸ਼ਾਂ ਨੇ ਪ੍ਰੀਤ ਜੋੜੀ ਹੈ, ਇੱਟ ਨਾਲ ਇੱਟ ਖੜਕਾਕੇ ਛੋੜੀ ਹੈ।
ਲਭ ਲਈ ਚਾਲ ਅਸੀਂ ਅਗਿਆਰ ਦੀ, ਸੁਧ ਬੁਧ ਭੁਲ ਜਾਸੀ ਸਰਕਾਰ ਦੀ।

ਕੋਹੜੇ ਬਾਬਿਆਂ ਨੇ ਸਾਰਾ ਜੱਗ ਦੇਖਿਆ, ਛਪੜਾਂ ਦੇ ਕੰਢਿਆਂ ਤੇ ਹੱਗ ਦੇਖਿਆ।
ਪੁਛੋ ਜਿਨ੍ਹਾਂ ਉਮਰਾਂ ਹੀ ਜੇਲ ਕੱਟੀਆਂ, ਅਠਾਰਾਂ ਵਰ੍ਹੇ ਪਾਪੀ ਦੀਆਂ ਜੜ੍ਹਾਂ ਪੱਟੀਆਂ।
ਰੰਗ ਜਾਂ ਸ਼ਹੀਦੀ ਦਿਤਾ ਕਰਤਾਰ ਦੀ, ਸੁਧ ਬੁਧ ਭੁਲ ਜਾਸੀ ਸਰਕਾਰ ਦੀ।

ਦਿੱਲੀ ਗੁਰਦਵਾਰਾ ਕਾਨਪੁਰ ਮਸੀਤ ਨੂੰ, ਭੁਲ ਗਏ ਫਰੰਗੀਆਂ ਦੀ ਬਦਨੀਤ ਨੂੰ।
ਅੰਮਰਤ ਭੁਲੇਖੇ ਕਾਹਨੂੰ ਜ਼ੇਹਰ ਖਾਂਦੇ ਹੋ, ਗੱਲਾਂ ਨਾਲ ਭੂਤ ਲੱਤਾਂ ਦੇ ਮਨਾਂਦੇ ਹੋ।
ਪਾ ਲਈ ਨੀਤ ਜਦੋਂ ਇਸ ਬਦਕਾਰ ਦੀ, ਸੁਧ ਬੁਧ ਭੁਲ ਜਾਸੀ ਸਰਕਾਰ ਦੀ।

ਤੇਰੀ ਬੁਜ਼ਦਿਲੀ ਤੇ ਰੈਹਮ ਖਾਂਵਦਾ, ਦਿਲ ਵਿਚ ਜੋਸ਼ ਮੇਰੇ ਬੌਹਤ ਆਂਵਦਾ।
ਦੀਵਾਨੇ ਦਸ ਗਦਰੀ ਦਾ ਦੋਸ਼ ਕਿਆ ਹੈ, ਆਤਮਾ ਗੁਲਾਮ ਦੀ ਨੂੰ ਹੋਸ਼ ਕਿਆ ਹੈ।
'ਪ੍ਰੀਤਮ' ਨੇ ਫੜੀ ਨਾੜ ਹੈ ਬੀਮਾਰ ਦੀ, ਸੁਧ ਬੁਧ ਭੁਲ ਜਾਸੀ ਸਰਕਾਰ ਦੀ।

ਗੁਲਾਮ

**ਦੋਹਰਾ :-**

ਏਹ ਅਸਮਾਨੀ ਮਾਰਿਆ ਗੋਲਾ ਕਿਧਰੋਂ ਕੱਢ
ਸਭ ਅੰਗਰੇਜ਼ੀ ਰਾਜ ਦਾ ਫਸਤਾ ਦਿਤਾ ਵੱਢ

## ਕੋਰੜਾ ਛੰਦ

ਦਸ ਮੈਨੂੰ ਗਲ ਬਾਰੀਆ ਸਫਾਈ ਦੀ, ਮਸ਼ਹੂਰ ਅੰਗਰੇਜ਼ਾਂ ਦੀ ਸੁਧਾਈ ਦੀ।
ਮੁੱਢ ਤੋਂ ਗਰੀਬਾਂ ਵਾਸਤੇ ਨੇ ਲੜਦੇ, ਗੋਲੀਆਂ ਦੀ ਅੱਗ ਅੱਗੇ ਆਪ ਸੜਦੇ।
ਪਾਲਦੇ ਨੇ ਪੱਖ ਵਾਂਗ ਹਿਤਕਾਰੀ ਹੈ, ਰਾਜ ਅੰਗਰੇਜ਼ਾਂ ਦਾ ਨਿਯਾਇਕਾਰੀ ਹੈ।

ਜਿਥੇ ਜਿਥੇ ਜਾਇਕੇ ਜਗ੍ਹਾ ਏਹ ਟੋਲਦੇ, ਵਿਦਯਾ ਤੈਹਜ਼ੀਬ ਦੇ ਭੰਡਾਰ ਖੋਲਦੇ।
ਵੈਹਸ਼ੀਆਂ ਦੇ ਵਿਚ ਪਰਚਾਰ ਕਰਦੇ, ਚੰਗੇ ਉਚੇ ਗੁਣ ਲੋਕਾਂ ਵਿਚ ਭਰਦੇ।
ਅੱਖਾਂ ਨਾਲ ਦੇਖੀ ਵਿਥਿਆ ਏਹ ਸਾਰੀ ਹੈ, ਰਾਜ ਅੰਗਰੇਜ਼ਾਂ ਦਾ ਨਿਯਾਇਕਾਰੀ ਹੈ।

ਨੈਹਰ ਅਤੇ ਰੇਲਵੇ ਲਗਾਈਆਂ ਤਾਰਾਂ ਨੇ, ਅੰਗਰੇਜ਼ੀ ਰਾਜ ਦੀਆਂ ਹੀ ਬਹਾਰਾਂ ਨੇ।
ਰੋਗੀਆਂ ਲਈ ਖੋਲੇ ਹਸਤਪਤਾਲ ਨੇ, ਚਿੱਠੀ ਭੇਜ ਦਿੰਦੇ ਪੈਸੇ ਦੋ ਦੇ ਨਾਲ ਨੇ।
ਪਰਜਾ ਨੂੰ ਲਾਭ, ਘਾਟੇ ਦੇ ਬਪਾਰੀ ਹੈ, ਰਾਜ ਅੰਗਰੇਜ਼ਾਂ ਦਾ ਨਿਯਾਇਕਾਰੀ ਹੈ।

ਸਾਫ ਅਤੇ ਸੁਥਰੇ ਬਣਾਏ ਰਸਤੇ, ਜੰਗਲ ਪਹਾੜੀਆਂ ਦੇ ਵੱਢ੍ਹੇ ਫਸਤੇ।
ਬਿਜਲੀ ਦੇ ਪੱਖੇ ਪਾਣੀ ਵਾਲੇ ਨਲ ਜੀ, ਬਨ੍ਹ ਦਰਿਯਾ ਸਿੰਜੇ ਮਾਰੂ ਥਲ ਜੀ।
ਵਿਦਯਾ ਵਿਚਾਰ ਹੋਏ ਉਪਕਾਰੀ ਹੈ, ਰਾਜ ਅੰਗਰੇਜ਼ਾਂ ਦਾ ਨਿਯਾਇਕਾਰੀ ਹੈ।

ਹਿੰਦੀਆਂ ਨੂੰ ਹੱਕ ਦੇਣੋ ਬੋਇਰ ਅੜੇ ਸਨ, ਜਾਕੇ ਅੰਗਰੇਜ਼ ਸਾਡੇ ਲਈ ਲੜੇ ਸਨ।
ਵੱਡੇ ਜੰਗ ਵਿਚ ਭੀ ਏਹੋ ਮੁਰਾਦ ਸੀ, ਬਿਲਜੀਯਮ ਠੀਕ ਰੱਖਣਾ ਆਜ਼ਾਦ ਸੀ।
ਦੇਖ ਏਹਨਾਂ ਧਰਮੀਆਂ ਕੀ ਨੀਤ ਧਾਰੀ ਹੈ, ਰਾਜ ਅੰਗਰੇਜ਼ਾਂ ਦਾ ਨਿਰਾਇਕਾਰੀ ਹੈ।

ਕੋਮਾਂ ਨਿਕੀ ਨਿਕੀਆਂ ਦੇ ਰਾਮ ਵਾਸਤੇ, ਝਾਗਦੇ ਨੇ ਔਕੜਾਂ ਦੇ ਆਪ ਰਾਸਤੇ।
ਜਰਮਨੀ ਦੀ ਕੋਮ ਵੈਹਸ਼ੀਆਂ ਦਾ ਗੱਲਾ ਸੀ, ਸਾਰੀ ਦੁਨੀਆ ਤੇ ਬੋਲ ਦਿਤਾ ਹੱਲਾ ਸੀ।
ਜਰਮਨੀ ਨੂੰ ਮਾਰ ਲਈ ਫਤਹ ਭਾਰੀ ਹੈ, ਰਾਜ ਅੰਗਰੇਜ਼ਾਂ ਦਾ ਨਿਯਾਇਕਾਰੀ ਹੈ।

ਜਰਮਨੀ ਨੂੰ ਕਰ ਦਿਤਾ ਬਰਬਾਦ ਜੀ, ਛੱਡਿਆ ਨਹੀ ਨਰ ਨਾਰ ਕੋਈ ਸ਼ਾਦ ਜੀ।
ਤੁਰਕਾਂ ਦਾ ਮਾਰ ਮਾਰ ਲੱਕ ਤੋੜਿਆ, ਬੜਾ ਬਲਗਾਰੀਆ ਨਹੀ ਕੋਈ ਛੋੜਿਆ।
ਰੋਣ ਕਰ ਯਾਦ ਜਰਮਨੀ ਦੀ ਯਾਰੀ ਹੈ, ਰਾਜ ਅੰਗਰੇਜ਼ਾਂ ਦਾ ਨਿਯਾਇਕਾਰੀ ਹੈ।

ਜਰਮਨੀ ਦੇ ਲੋਕ ਦੇਖੋ ਡੱਨ ਭਰਦੇ, ਦੰਗੇ ਤੇ ਫਸਾਦ ਵਿਚ ਹੋਣ ਘਰਦੇ।
ਟੁਟ ਗਈ ਕਪਾਸ ਨਾਲੇ ਤਾਂਬਾ ਮੁਕਿਆ, ਜਰਮਨੀ ਦਾ ਦਾਣਾ ਪਾਣੀ ਮੁੱਕ ਚੁੱਕਿਆ।
ਦੁਸ਼ਮਣਾਂ ਤੇ ਠੀਕ ਹੀ ਫਿਰੀ ਬਹਾਰੀ ਹੈ, ਰਾਜ ਅੰਗਰੇਜ਼ਾਂ ਦਾ ਨਿਯਾਇਕਾਰੀ ਹੈ।

ਏਹਨਾਂ ਅੱਗੇ ਕੈਸਰ ਦਾ ਤਾਰਾ ਡੁਬਿਆ, ਖਾਕੇ ਹਾਰ ਫਿਰੇ ਗਮਾਂ ਵਿਚ ਡੁਬਿਆ।
ਜਿਸਤੂੰ ਨਪੋਲੀਯਨ ਗਿਆ ਸੀ ਮਾਰਿਆ, ਕੈਸਰ ਵਿਲਯਮ ਤਖਤੋਂ ਉਤਾਰਿਆ।
'ਪ੍ਰੀਤਮ' ਜੀ ਜਿਤ ਹੋਈ ਬੜੀ ਭਾਰੀ ਹੈ, ਰਾਜ ਅੰਗਰੇਜ਼ਾਂ ਦਾ ਨਿਯਾਇਕਾਰੀ ਹੈ।

ਗਦਰੀ

### ਦੋਹਰਾ :-

ਮਾਰੀ ਅਕਲ ਗੁਲਾਮ ਦੀ ਠੱਠੇ ਕਰਦੇ ਆਮ
ਹੀਣਾ ਸ੍ਵੈਸਤਕਾਰ ਤੋਂ ਡਰਦਾ ਕਰੇ ਸਲਾਮ

### ਕੋਰੜਾ ਛੰਦ

ਆਖਦੀ ਟਟੋਲੀ ਅਸਮਾਨ ਠੱਲਿਆ, ਲੱਤਾਂ ਖਿਚ ਲਵਾਂ ਹੁਣੇ ਪਵੇ ਥਲੇਆ।
ਆਕੜੇ ਭਣੇਵਾਂ ਕਰੇ ਬਾਹਾਂ ਖੱਲੀਆਂ, ਦੇਖੋ ਮੇਰੇ ਮਾਮੇ ਕੱਨੀਂ ਬੀਰ ਬੱਲੀਆਂ।
ਦੇਖ ਛਾਹ ਪ੍ਰਾਈ ਤੈਂ ਮੁੱਛਾਂ ਮੁਨਾ ਲਈਆਂ, ਗਦਰਾਂ ਨੇ ਕਈ ਸਰਕਾਰਾਂ ਖਾ ਲਈਆਂ।

ਐਸਾ ਅਨਜਾਣ ਨੂੰ ਗੁਮਾਨ ਹੋ ਗਿਆ, ਟੈਲੀਫੋਨ ਦੇਖ ਪ੍ਰੇਸ਼ਾਨ ਹੋ ਗਿਆ।
ਕੋਠੀ ਵਿਚ ਜਦੋਂ ਸਾਡੇ ਦਾਣੇ ਹੋਣਗੇ, ਕਮਲੇ ਅਸਾਡੇ ਭੀ ਸਿਆਣੇ ਹੋਣਗੇ।
ਪੁਠੇ ਪਾਸੇ ਕਿਥੇ ਅਖੀਆਂ ਲਗਾ ਲਈਆਂ, ਗਦਰਾਂ ਨੇ ਕਈ ਸਰਕਾਰਾਂ ਖਾ ਲਈਆਂ।

ਦੁਨੀਆਂ ਦੇ ਨਾਲ ਜਦੋਂ ਮੇਲ ਕੀਤਾ ਹੈ, ਦਿਸਿਆ ਫਰੰਗੀ ਨੇ ਜੋ ਖੇਲ ਕੀਤਾ ਹੈ।
ਦਸਦਾਂ ਫਰੰਗੀ ਦੀਆਂ ਉਸਤਾਦੀਆਂ, ਦੇਖ ਏਹਨਾਂ ਕੀਤੀਆਂ ਜੋ ਬਰਬਾਦੀਆਂ।
ਕੌੜੇ ਤੁਮੇ ਉਤੇ ਸ਼ਕਰਾਂ ਲਗਾ ਲਈਆਂ, ਗਦਰਾਂ ਨੇ ਕਈ ਸਰਕਾਰਾਂ ਖਾ ਲਈਆਂ।

ਦੱਸ ਖਾ ਫਰੰਗੀ ਦੀ ਤੈਹਜ਼ੀਬ ਕਿਥੇ ਹੈ, ਰੋਟੀ ਸੁਕੇ ਪਿੰਜਰਾਂ ਨਸੀਬ ਕਿਥੇ ਹੈ।
ਤਾਰ ਰੇਲ ਦੀ ਜੋ ਗੱਲ ਤੈਂ ਸੁਣਾਈ ਹੈ, ਦੱਸ ਤੇਰੀ ਏਸ ਵਿਚ ਕੀ ਭਲਾਈ ਹੈ।
ਸਮਝੇਂ ਨਾ ਫਾਂਦਾਂ ਫਾਂਦੀਆਂ ਲਗਾ ਲਈਆਂ, ਗਦਰਾਂ ਨੇ ਕਈ ਸਰਕਾਰਾਂ ਖਾ ਲਈਆਂ।

ਕੌਮ ਵਾਲਾ ਕੇਹੜਾ ਏਹਨਾਂ ਪੱਖ ਪਾਲਿਆ, ਫੁਲ ਪੱਤੇ ਖਾਕੇ ਪਿਛੋਂ ਮੁੱਢ ਖਾਲਿਆ।
ਕੇਹੜਾ ਇਕਰਾਰ ਏਹਨਾਂ ਪੂਰਾ ਕੀਤਾ ਹੈ, ਧੋਖਿਆਂ ਦੇ ਨਾਲ ਸਾਰਾ ਜੱਗ ਜੀਤਾ ਹੈ।
ਅਕਾਸ਼ ਵੇਲ ਵਾਂਗ ਲਾਗਰਾਂ ਵਧਾ ਲਈਆਂ, ਗਦਰਾਂ ਨੇ ਕਈ ਸਰਕਾਰਾਂ ਖਾ ਲਈਆਂ।

ਲੁਟੀਆਂ ਨੇ ਕੌਮਾਂ ਸੁਟੀਆਂ ਲਤਾੜ ਨੇ, ਖੇਤੀ ਖਾਦੀ ਡੇਣ ਹੋਕੇ ਏਸ ਬਾੜ ਨੇ।
ਜ਼ਾਲਮ ਫਰੰਗੀਆਂ ਦੇ ਰਾਜ ਵਿਚ ਓਏ, ਕਿਰਤੀ ਕਿਸਾਣ ਸਾਰੇ ਆਏ ਜਿਚ ਓਏ।
ਚਾਲਾਂ ਕਿਥੋਂ ਸਿਖ ਲਈਆਂ ਬਰਤਾਨੀਆਂ, ਗਦਰਾਂ ਨੇ ਕਈ ਸਰਕਾਰਾਂ ਖਾ ਲਈਆਂ।

ਬੀਮਾਰੀਆਂ ਦਾ ਦੌਰ ਚਲੇ ਏਸ ਰਾਜ ਵਿਚ, ਮੌਤ ਝੜੀ ਲਾਈ ਦੇਖ ਲਓ ਸਮਾਜ ਵਿਚ।
ਤੇਰੇ ਲਈ ਬੋਇਰਾਂ ਨਾਲ ਕੌਣ ਲੜਦੇ, ਹੀਰਿਆਂ ਦੇ ਲਈ ਪਏ ਖੈਹਕੇ ਮਰਦੇ।
ਭਰ ਭਰ ਸੋਨਾ ਬੋਰੀਆਂ ਲਦਾ ਲਈਆਂ, ਗਦਰਾਂ ਨੇ ਕਈ ਸਰਕਾਰਾਂ ਖਾ ਲਈਆਂ।

ਕੌਣ ਬੇਵਕੂਫ ਲੜੇ ਕਿਸੇ ਵਾਸਤੇ, ਬੈਲਜੀਯਮ ਬਚਾਇਆ ਆਪਣੇ ਹੀ ਵਾਸਤੇ।
ਜਰਮਨ ਅੰਗਰੇਜ਼ਾਂ ਤੋਂ ਕਿਤੇ ਸਿਆਣੇ ਸਨ, ਨੱਕ ਰਾਹੀਂ ਜਿਨ੍ਹਾਂ ਨੇ ਚਬਾਏ ਦਾਣੇ ਸਨ।
ਗੋਲੀ ਪੋਲੀ ਸਿਖਾਂ ਖੂਹਣੀਆਂ ਡੁਬਾ ਲਈਆਂ, ਗਦਰਾਂ ਨੇ ਕਈ ਸਰਕਾਰਾਂ ਖਾ ਲਈਆਂ।

ਟਰਕੀ ਫਤਹ ਨਾ ਹੋਈ ਆਪ ਹਰ ਗਏ, ਚਪਨੀ ਦੇ ਵਿਚ ਪਾਣੀ ਪਾਕੇ ਮਰ ਗਏ।
ਕੈਸਰ ਬੇਸ਼ਕ ਦੇਸੋਂ ਕੱਢ ਛੋੜਿਆ, ਬ੍ਰਤਾਨੀਆ ਦਾ ਬੇੜਾ ਇਸ ਜੰਗ ਬੋੜਿਆ।
ਆਇਰਲੈਂਡੀਆਂ ਆਜ਼ਾਦੀਆਂ ਨੇ ਪਾ ਲਈਆਂ, ਗਦਰਾਂ ਨੇ ਕਈ ਸਰਕਾਰਾਂ ਖਾ ਲਈਆਂ।

ਛੱਡਦੇ ਭੁਲੇਖਾ ਕੱਢ ਸਾਰੀ ਸ਼ਕ ਲੈ, ਅੱਖਾਂ ਦੇ ਲੁਹਾਕੇ ਨੌਹ ਫੇਰ ਤੱਕ ਲੈ।
ਜੰਗ ਪਿਛੋਂ ਅੰਗਰੇਜ਼ ਕਮਜ਼ੋਰ ਨੇ, ਚੌਹੀਂ ਪਾਸੀਂ ਗਦਰਾਂ ਨੇ ਪਾਏ ਜ਼ੋਰ ਨੇ।
ਜੋਧਿਆਂ ਨੇ ਤੇਗਾਂ ਗਾਤਰੇ ਸਜਾ ਲਈਆਂ, ਗਦਰਾਂ ਨੇ ਕਈ ਸਰਕਾਰਾਂ ਖਾ ਲਈਆਂ।

ਏਸ਼ੀਆ ਦਾ ਭਲਾ ਇੰਡੀਆ ਦੀ ਜਾਨ ਜੇ, ਇੰਡੀਆ ਵੈਰਾਨ ਏਸ਼ੀਆ ਵੈਰਾਨ ਜੇ।
ਸ਼ਾਹੀ ਇੰਗਲੈਂਡ ਦੀ ਅਸਾਂ ਨੇ ਤੋੜਨੀ, ਜੜ੍ਹ ਸ਼ਾਹੀ ਵਾਲੀ ਪੁਟ ਖਾਰੇ ਰੋੜਨੀ।
'ਪ੍ਰੀਤਮ' ਨੂੰ ਦੇਖਕੇ ਚੜ੍ਹਨ ਲਾਲੀਆਂ, ਗਦਰਾਂ ਨੇ ਕਈ ਸਰਕਾਰਾਂ ਖਾ ਲਈਆਂ।

---

(ਸੁਖਨ 'ਇਕਬਾਲ')

ਗੁਲਾਮ

ਦੋਹਰਾ :-

ਵੱਡਾ ਉਚ ਖਿਆਲ ਤੂੰ ਵੱਡਾ ਤੇਰਾ ਦਿਲ
ਪਰ ਆਜ਼ਾਦੀ ਦੇਸ਼ ਨੂੰ ਜਾਊ ਕੀਕੂੰ ਮਿਲ

ਕੋਰੜਾ ਛੰਦ

ਹੌਸਲਾ ਵਥੇਰਾ ਤੇਰੇ ਵਿਚ ਗਦਰੀ, ਪਰ ਨਹੀ ਆਜ਼ਾਦੀ ਦੀ ਸੜਕ ਪਧਰੀ।
ਸੌਖੇ ਘਰ ਬੈਠਕੇ ਮਤੇ ਮਤਾਵਣੇ, ਔਖੇ ਗਲ ਬਿਲੀਆਂ ਦੇ ਟੱਲ ਪਾਵਣੇ।
ਦੇਖ ਲਿਆ ਲਾਕੇ ਜ਼ੋਰ ਗਾਂਧੀ ਦਲ ਹੈ, ਕੱਢਣਾ ਫਰੰਗੀ ਬੜੀ ਔਖੀ ਗਲ ਹੈ।

ਦੇਖ ਗਾਂਧੀ ਕਿਨੀ ਵਾਰ ਝਈਆ ਮਾਰੀਆਂ, ਹੱਥ ਆਇਆ ਕੁਛ ਨਾ ਬਿਨਾ ਖੁਆਰੀਆਂ।
ਘੱਲੇ ਲੱਖਾਂ ਜੇਲੀਂ ਜਰਾਮਨੇ ਭਰ ਲਏ, ਫਾਂਸੀਆਂ ਤੇ ਚੜ੍ਹ ਦੁਖੜੇ ਨੇ ਜਰ ਲਏ।
ਦਸੋ ਖਾਂ ਵਿਚਾਰ ਮਾਰੀ ਕੇਹੜੀ ਮਲ ਹੈ, ਕੱਢਣਾ ਫਰੰਗੀ ਬੜੀ ਔਖੀ ਗਲ ਹੈ।

ਕੱਢਕੇ ਜਲੂਸ ਕੀਤੇ ਬਾਈਕਾਟ ਨੇ, ਲਾਏ ਕੌਮੀ ਨਾਹਰੇ ਪਾਏ ਚੀਹਾ ਬਾਟ ਨੇ।
ਸ਼ੈਹਰ ਗਾਓਂ ਹੋਏ ਪਰਚਾਰ ਜਲਸੇ, ਡਰੀ ਸਰਕਾਰ ਨਹੀ ਟਿੱਡੀ ਦਲ ਸੇ।
ਹੋਇਆ ਨੁਕਸਾਨ, ਸਾਡੇ ਸੀਨੇ ਸੱਲ ਹੈ, ਕੱਢਣਾ ਫਰੰਗੀ ਬੜੀ ਔਖੀ ਗਲ ਹੈ।

ਮਾੜੇ ਨੇ ਨਸੀਬ ਸਾਡੇ ਦੇਸ ਵਾਲਿਆਂ, ਪਾੜ ਘਰ ਰਖਿਆ ਨੇ ਭੇਸ ਵਾਲਿਆਂ।
ਰੋਡੇ ਜਟਾ ਧਾਰੀ, ਨਾਮਧਾਰੀ ਠੱਗ ਗਏ, ਸੂਣੇ ਨੇ ਮਸੀਤਾਂ ਨੂੰ ਭੀ ਕੰਨ ਲਗ ਗਏ।
ਭਾਈਆਂ ਤੇ ਮੁਲਾਣਿਆਂ 'ਚਿ ਮੁਢੋਂ ਵਲ ਹੈ, ਕੱਢਣਾ ਫਰੰਗੀ ਬੜੀ ਔਖੀ ਗਲ ਹੈ।

ਜ਼ਾਤ ਪਾਤ ਲਾਹਨਤ ਜੋ ਸਾਨੂੰ ਲਗੀ ਹੈ, ਧੁਰ ਦਰਗਾਹੋਂ ਭਾਰੀ ਮਾਰ ਵਗੀ ਹੈ।
ਕੱਢ ਕਾਰ ਬਾਹਮਣ ਨੇ ਚੌਂਕਾ ਪਾ ਲਿਆ, ਬਾਕੀਆਂ ਨੂੰ ਪਸ਼ੂ ਦਰਜਾ ਮਨਾ ਲਿਆ।
ਭਾਈ ਨਾਲ ਭਾਈ ਦਾ ਨਾ ਲੰਘੇ ਪਲ ਹੈ, ਕੱਢਣਾ ਫਰੰਗੀ ਬੜੀ ਔਖੀ ਗਲ ਹੈ।

ਬਾਰ ਬਾਰ ਸਾਨੂੰ ਦਸਦਾ ਤਜਰਬਾ, ਹੋਣਾ ਸਾਡਾ ਸੂਤ ਕਦੇ ਨਹੀ ਘਰ ਦਾ।
ਮੰਦਰ ਪੁਜਾਰੀ ਨੂੰ ਨਵਾਜ਼ੀ ਲੜਦਾ, ਦੂਜੇ ਹੱਥ ਦਾੜ੍ਹੀ ਨਾ ਸ਼ਰਮ ਕਰਦਾ।
ਪਾਵੇ ਇਸ ਝਗੜੇ ਨੂੰ ਕੌਣ ਠੱਲ ਹੈ, ਕੱਢਣਾ ਫਰੰਗੀ ਬੜੀ ਔਖੀ ਗਲ ਹੈ।

ਰੋਈਏ ਸਰਕਾਰ ਨੂੰ ਜੋ ਹੈ ਬਦੇਸ਼ੀਆਂ, ਉਸ ਤੋਂ ਨਫਿਟ ਰਾਜ ਸਾਡੇ ਦੇਸੀਆਂ।
ਰਾਜ ਅੰਗਰੇਜ਼ੀ ਤੋਂ ਹੋਇਓਂ ਉਤਾਵਲਾ, ਦੇਸੀ ਰਾਜ ਨਾਲ ਕਰ ਖਾਂ ਮੁਕਾਬਲਾ।
ਦੇਸੀ ਰਾਜ ਨਿਰਾ ਹੀ ਜ਼ੁਲਮ, ਝੱਲ ਹੈ, ਕੱਢਣਾ ਫਰੰਗੀ ਬੜੀ ਔਖੀ ਗਲ ਹੈ।

ਰਾਜ ਅੰਗਰੇਜ਼ੀ ਰਾਜ ਹੈ ਕਾਨੂਨ ਦਾ, ਰਾਜਾ ਪਟਿਆਲਾ ਸਕਾ ਹੈ ਫਰੂਨ਼ ਦਾ।
ਫੜ ਦੀਵਾ ਲਭੋ ਭਾਵੇਂ ਇਨਸਾਫ ਨੂੰ, ਕੌਣ ਸੁਣੇ ਪਰਜਾ ਦੇ ਵਰਲਾਪ ਨੂੰ।
ਰਿਆਸਤਾਂ 'ਚਿ ਚਮੜੇ ਦੀ ਰਹੀ ਚਲ ਹੈ, ਕੱਢਣਾ ਫਰੰਗੀ ਬੜੀ ਔਖੀ ਗਲ ਹੈ।

ਰਾਜਿਆਂ ਦੀ ਪਰਜਾ ਬੋਹਤ ਦੁਖੀ ਹੈ, 'ਲਾਕਾ ਸਰਕਾਰੀ ਏਦੂੰ ਬੋਹਤ ਸੁਖੀ ਹੈ।
ਰਾਜ ਅੰਗਰੇਜ਼ਾਂ ਪਿਛੋਂ ਭੰਗ ਭੁਜਣੀ, ਨਹੀ ਸਾਨੂੰ ਕੋਈ ਤਦਬੀਰ ਸੁੱਝਣੀ।
ਸੋਚੋ 'ਇਕਬਾਲ' ਕਾਹਦੇ ਵਿਚ ਭੱਲ ਹੈ, ਕੱਢਣਾ ਫਰੰਗੀ ਬੜੀ ਔਖੀ ਗਲ ਹੈ।

**ਗਦਰੀ** **ਦੋਹਰਾ :-**

ਦਸਿਆ ਉੱਚ ਨਸ਼ਾਨ ਹੈ ਨਹੀ ਦੱਸੇ ਓਹ ਵਲ
ਨਾਲ ਜਿਨ੍ਹਾਂ ਦੇ ਦੁਸ਼ਮਣਾਂ ਮਲ ਸਿਟਾਂ ਵਿਚ ਪਲ

## ਕੋਰੜਾ ਛੰਦ

ਸੁਣਕੇ ਖਿਆਲ ਤੂੰ ਹੈਰਾਨ ਹੋ ਗਿਆ, ਨਿਕਾ ਜਿਹਾ ਦਿਲ ਪ੍ਰੇਸ਼ਾਨ ਹੋ ਗਿਆ।
ਕਹੇਂ ਤੂੰ ਹਵਾਈ ਕਿਲੇ ਮੈਂ ਬਣਾਂਵਦਾ, ਬਿਨਾ ਗਡਵਾਨੀ ਤੂੰ ਨਾ ਕੁਛ ਜਾਣਦਾ।
ਤੈਨੂੰ ਕੀ ਗਿਆਨ ਹਵਾਈ ਜਹਾਜ਼ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

ਸੁਣ ਸਾਡੇ ਪਾਸ ਕੇਹੜੇ ਹਥਿਆਰ ਨੇ, ਮੌਤ ਕੇਹੜੀ ਮਰਨਾ ਏ ਬਦਕਾਰ ਨੇ।
ਲੋਲੋ ਪੋਪੋ ਗਾਂਧੀ ਵਾਂਗ ਨਹੀ ਕਰਨੀ, ਸੋਟਿਆਂ ਪੁਲਸ ਮਾਰ ਨਹੀ ਜਰਨੀ।
ਪੁਲਸ ਨੂੰ ਕਾਫੀ ਤੇਹਕਾ ਸ਼ਾਹਬਾਜ਼ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

ਲਗੇ ਫਾਂਸੀਆਂ ਜੋ, ਜਿੰਦ ਨਹੀ ਗੁਵਾ ਗਏ, ਵੈਰੀਆਂ ਦੇ ਘਰੀਂ ਡਾਢਾ ਸੋਗ ਪਾ ਗਏ।
ਖ਼ੂਨ ਪਾਣੀ ਲਾਇਆ ਪੋਗਰੇ ਆਜ਼ਾਦੀ ਨੂੰ, ਕੌਣ ਸਕੇ ਤੱਕ ਏਹਦੀ ਬਰਬਾਦੀ ਨੂੰ।
ਸੀਸ ਐਵੇਂ ਗਿਆ ਨਹੀ ਭਗਤ ਰਾਜ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

ਨੁਸਖਾ ਮਮੂਲੀ ਜਾਣੋ ਬਾਈਕਾਟ ਦਾ, ਵੱਡਾ ਨੁਸਖਾ ਏ ਸਾਡਾ ਸੀਸ ਕਾਟ ਦਾ।
ਮਿਨਤਾਂ 'ਰਜ਼ੋਈਆਂ ਸਾਡੇ ਹਥਿਆਰ ਨਾ, ਝੱਲਣੀ ਝਪੱਟ ਇਕ ਸਰਕਾਰ ਨਾ।
ਵੈਰੀ ਏ ਗਦਰ ਬੁਢੜੇ ਰਵਾਜ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

ਜ਼ਾਤ, ਪਾਤ, ਦੀਨ ਅਸੀਂ ਨਹੀ ਪਛਾਣਦੇ, ਗੱਲ ਰੋਟੀ, ਪੇਟ ਦੀ ਅੱਗੇ ਰਖਾਂਵਦੇ।
ਝੰਡਾ ਏਕਤਾ ਦਾ ਅਸੀਂ ਨਵਾਂ ਗੱਡਿਆ, ਨਰ ਨਾਰ ਸਾਡੀ ਵਲ ਆਵੇ ਭੱਜਿਆ।
ਨਵਾਂ ਰੂਪ ਰਚਾਂ ਹਿੰਦ ਦੀ ਸਮਾਜ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

ਮੁੱਲਾਂ ਪਾਂਦੇ ਭਾਈਆਂ ਦੀ ਕਿਤੇ ਭੀ ਲੋੜ ਨਾ, ਦਸੋ ਅਸੀਂ ਏਹਨਾਂ ਕੇਹੜੇ ਹਲ ਜੋੜਨਾ।
ਮੇਹਨਤੀ ਮੁਸ਼ੱਕਤੀ ਜਿਨ੍ਹਾਂ ਦੇ ਸਾਥੀ ਨੇ, ਉਹਨਾਂ ਕਾਹਨੂੰ ਬਨ੍ਹਣੇ ਸਫੈਦ ਹਾਥੀ ਨੇ।
ਹੋਊ ਬੋਲ ਬਾਲਾ ਮੇਹਨਤੀ ਸਰਾਜ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

ਕਰਕੇ ਕਸਾਣ ਕੱਠੇ ਸਮਝਾ ਦਿਆਂ, ਚਾਹਾਂ ਅਸਮਾਨ ਨੂੰ ਭੀ ਅੱਗ ਲਾ ਦਿਆਂ।
ਭੰਨ ਦਿਆਂ ਨੱਕ ਪਾਪੀ ਦਾ, ਕੁਚਾਲ ਦਾ, ਗੀਟੀਆਂ ਕੀ ਸੈਹਣ ਧਮਕਾ ਭੁਚਾਲ ਦਾ।
ਬੰਦ ਕਰਾਂ ਮਾਮਲਾ, ਸੋਮਾ ਖਰਾਜ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

ਥਾਪੀ ਦੇਵਾਂ ਡੋਲੇ ਵਾਲੇ ਮਜ਼ਦੂਰ ਨੂੰ, ਪਲ ਵਿਚ ਪਾਵਾਂ ਰਸਤੇ ਹਜ਼ੂਰ ਨੂੰ।
ਜੇਨੂੰ ਤੁਸੀਂ ਦਿਤੀ ਪਦਵੀ ਹਕੀਰ ਦੀ, ਉਸੇ ਹੱਥ ਠੈਹਰੀ ਨਬਜ਼ ਸਰੀਰ ਦੀ।
ਰੇਲ ਦਾ ਚਲਾਵਾ ਨਾਖੁਦਾ ਜਹਾਜ਼ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

ਜੋਸ਼ ਨੌਜਵਾਨ ਦੇ ਨੂੰ ਕੌਣ ਰੋਕ ਲਊ, ਲੋਹੇ ਦੇ ਚਣੇ ਨੂੰ ਮੂੰਹ 'ਚਿ ਕੌਣ ਠੋਕ ਲਊ।
ਨੌਜਵਾਨ, ਮਜੂਰ ਜਾਂ ਕਸਾਣ ਮਿਲਿਆ, ਸੋਹਾਂ ਹਊ ਮੌਤ ਕੇਹਦਾ ਸਿਰ ਹਿਲਿਆ।
ਭਰੋ ਸਾਰੇ ਦਮ ਏਹਨਾਂ ਦੀ ਲਿਹਾਜ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

ਗੱਲਾਂ ਤੈਨੂੰ ਕੁਛ ਹੋਰ ਆ ਸੁਣਾ ਦਿਆਂ, ਸੋਝੀ ਦੇ ਕੁਫਲ ਵਿਚ ਚਾਬੀ ਲਾ ਦਿਆਂ।
ਦੇਖ ਰਾਜ ਕੇਹਦਾ ਅਜ ਰੂਸ ਵਿਚ ਹੈ, ਤੇਰੇ ਦੇਸ ਮੇਹਨਤੀ ਮਰੂਸ ਵਿਚ ਹੈ।
ਪਾਇਆ ਭੇਤ ਕੁਛ ਰੂਸ ਦੇ ਰਵਾਜ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

ਪੜ੍ਹਿਆ ਨਹੀ ਹਾਲ ਦੁਨੀਆ ਦਾ ਮੂਲ ਤੈਂ, ਦੇਖਿਆ ਨਹੀ ਬਰਤਾਨੀਆ ਮਲੂਲ ਤੈਂ।
ਵੱਡੀ ਹੈ ਸਲਤਨਤ ਟੁੱਟੀ ਜਾਂਵਦੀ, ਕੱਲੀ ਕੱਲੀ ਕੌਮ ਏਹਤੋਂ ਰੁੱਠੀ ਜਾਂਵਦੀ।
ਸੁਣੇ ਨਾ ਤੂੰ ਸ਼ੋਰ ਖਲਕ ਦੀ ਆਵਾਜ਼ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

ਘਲੂ ਘਾਰੇ ਜਦੋਂ ਸਾਡਾ ਵੈਰੀ ਫਸਿਆ, ਸਮਝੋ ਨਸੀਬਾ ਸਾਡਾ ਆਣ ਹਸਿਆ।
ਕੁਮਕ ਲਈ ਸਿਖ ਨਾ ਪਠਾਣ ਘੱਲਣੇ, ਏਹਨਾਂ ਸਾਡੇ ਲਈ ਕਿਲੇ ਆਪ ਮੱਲਣੇ।
ਹੱਕ 'ਇਕਬਾਲ' ਸਾਡਾ ਰਾਜ ਕਾਜ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

**ਫੇਰ ਗਦਰੀ** **ਦੋਹਰਾ :-**

ਪਲਿਆ ਵਿਚ ਗੁਲਾਮੀਆਂ ਸੁੱਝੇ ਆਰ ਨਾ ਪਾਰ
ਗਦਰੀ ਚੀਰਨ ਸਾਗਰਾਂ ਤੂੰ ਡੁੱਬਾ ਮੰਝਧਾਰ

## ਕੋਰੜਾ ਛੰਦ

ਤਿੜਿਆ ਫਿਰੇਂ ਤੂੰ ਕਹੇਂ ਸੁਖ ਮਾਣਦਾ, ਗਾਂਧੀ ਤੋਂ ਬਿਨਾ ਨਾ ਕਿਸੇ ਹੋਰ ਜਾਣਦਾ।
ਗੱਡੇ, ਟਾਂਗੇ ਵਾਹੇ ਨਹੀ ਕੁਛ ਦੇਖਿਆ, ਜ਼ੈਪਲਿਨ ਉੜਦਾ ਕਦੇ ਨਹੀ ਵੇਖਿਆ।
ਅਜੇ ਹੋਰ ਦੱਸ, ਕਰਨਾ ਗਿਆਨ ਹੈ, ਸਾਡੀ ਭੀ ਆਜ਼ਾਦੀ ਵਾਲਾ ਇਮਕਾਨ ਹੈ।

ਭੰਵਰਾਂ 'ਚਿ ਪਿਆ ਰਿਹਾ ਏਹੋ ਸੋਚਦਾ, ਗਾਂਧੀ ਕਿਵੇਂ ਰੇਖ ਵਿਚ ਮੇਖ ਠੋਕਦਾ।
ਪੁੱਠੇ ਪਏ ਰਾਹ ਗੋਡੀਂ ਹੱਥ ਲਾਂਦੇ ਨੇ, ਖੂਨਖਾਰ ਜ਼ਾਲਮਾਂ ਨੂੰ ਮਾਸ ਪਾਂਦੇ ਨੇ।
ਤੌਲੀਏ ਦੇ ਨਾਲ ਸਾਹਨ ਨੂੰ ਡਰਾਨ ਹੈ, ਇੰਜ ਨਾ ਆਜ਼ਾਦੀ ਵਾਲਾ ਇਮਕਾਨ ਹੈ।

ਖੁਦਗਰਜ਼ੀ ਭੀ ਇਕ ਵੱਡਾ ਰੋਗ ਹੈ, ਸੁਝਦਾ ਨਹੀ ਕੁਛ ਬਿਨਾ ਐਸ਼ ਭੋਗ ਹੈ।
ਏਸ ਖੋਭੇ ਖੁਭੇ ਤਾਹੀਉਂ ਵਫਾਦਾਰ ਹੋਂ, ਰਾਖੇ ਦਰ ਉਤੇ ਕਾਹਨੂੰ ਸਰਦਾਰ ਹੋਂ।
ਪੇਟ ਲਈ ਜੀਵੇ ਓਹ ਕੀ ਇਨਸਾਨ ਹੈ, ਸਾਡੀ ਭੀ ਆਜ਼ਾਦੀ ਵਾਲਾ ਇਮਕਾਨ ਹੈ।

ਝੋਲੀ ਚੁੱਕ ਕੱਠੇ ਜਦੋਂ ਬੈਹਂਦੇ ਆਨ ਨੇ, ਇਕ ਤੋਂ ਵਧੀਕ ਸਾਰੇ ਬੇਈਮਾਨ ਨੇ।
ਆਪਣੇ ਸ੍ਵਾਰਥਾਂ 'ਚਿ ਗਲਤਾਨ ਨੇ, ਪਰਜਾ ਵਿਚਾਰੀ ਲਈ ਸ਼ੈਤਾਨ ਨੇ।
ਏਹਨਾਂ ਦਾ ਗ੍ਰੰਥ ਨਾ ਕੋਈ ਕੁਰਾਨ ਹੈ, ਸਾਡੀ ਭੀ ਆਜ਼ਾਦੀ ਵਾਲਾ ਇਮਕਾਨ ਹੈ।

ਸਾਹਿਬ ਅੱਗੇ ਜਾਕੇ ਗੋਡੇ ਰਗੜੇਂਦੇ ਨੇ, ਹਾਕਮਾਂ ਦੇ ਸਾਹਮਣੇ ਪਾਣੀ ਭਰੇਂਦੇ ਨੇ।
ਕੁੱਤੇ ਵਾਲਾ ਜੀਣਾ ਭਲਾ ਕੇਹੜਾ ਮਾਣ ਹੈ, ਦੇਸੀ ਥਾਣੇਦਾਰ ਤਾਂ ਪੂਰਾ ਹੈਵਾਨ ਹੈ।
ਪੈਸੇ ਦੇ ਗੁਲਾਮਾਂ ਕੀ ਔਣਾ ਮੈਦਾਨ ਹੈ, ਸਾਡੀ ਭੀ ਆਜ਼ਾਦੀ ਵਾਲਾ ਇਮਕਾਨ ਹੈ।

ਗਦਰੀ ਮੈਦਾਨ ਜਦੋਂ ਆਣ ਗੱਜਿਆ, ਭੇਡਾਂ ਸਣੇ ਆਜੜੀ ਤੂੰ ਦੇਖੀਂ ਭੱਜਿਆ।
ਸੀਸ ਕਾਹਨੂੰ ਦੇਣ ਪੇਟ ਦੇ ਗੁਲਾਮ ਜੋ, ਨਿਕਲੇ ਨਾ ਰਣ ਵਿਕਦਾ ਹੈ ਦਾਮ ਜੋ।
ਟੁੱਕ ਤੋਂ ਈਮਾਨ ਵੇਚਦਾ ਸੁਆਨ ਹੈ, ਸਾਡੀ ਭੀ ਆਜ਼ਾਦੀ ਵਾਲਾ ਇਮਕਾਨ ਹੈ।

ਲਗੇ ਫਾਂਸੀਆਂ ਜੋ, ਜਿੰਦ ਨਹੀ ਗੁਵਾ ਗਏ, ਵੈਰੀਆਂ ਦੇ ਘਰੀਂ ਡਾਢਾ ਸੋਗ ਪਾ ਗਏ।
ਖੂਨ ਪਾਣੀ ਲਾਇਆ ਪੌਗਰੇ ਆਜ਼ਾਦੀ ਨੂੰ, ਕੌਣ ਸਕੇ ਤੱਕ ਏਹਦੀ ਬਰਬਾਦੀ ਨੂੰ।
ਸੀਸ ਐਵੇਂ ਗਿਆ ਨਹੀ ਭਗਤ ਰਾਜ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

ਨੁਸਖਾ ਮਮੂਲੀ ਜਾਣੋ ਬਾਈਕਾਟ ਦਾ, ਵੱਡਾ ਨੁਸਖਾ ਏ ਸਾਡਾ ਸੀਸ ਕਾਟ ਦਾ।
ਮਿਨਤਾਂ 'ਰਜ਼ੋਈਆਂ ਸਾਡੇ ਹਥਿਆਰ ਨਾ, ਝੱਲਣੀ ਝਪੱਟ ਇਕ ਸਰਕਾਰ ਨਾ।
ਵੈਰੀ ਏ ਗਦਰ ਬੁਢੜੇ ਰਵਾਜ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

ਜ਼ਾਤ, ਪਾਤ, ਦੀਨ ਅਸੀਂ ਨਹੀ ਪਛਾਣਦੇ, ਗੱਲ ਰੋਟੀ, ਪੇਟ ਦੀ ਅੱਗੇ ਰਖਾਂਵਦੇ।
ਝੰਡਾ ਏਕਤਾ ਦਾ ਅਸੀਂ ਨਵਾਂ ਗੱਡਿਆ, ਨਰ ਨਾਰ ਸਾਡੀ ਵਲ ਆਵੇ ਭੱਜਿਆ।
ਨਵਾਂ ਰੂਪ ਰਚਾਂ ਹਿੰਦ ਦੀ ਸਮਾਜ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

ਮੁੱਲਾਂ ਪਾਂਦੇ ਭਾਈਆਂ ਦੀ ਕਿਤੇ ਭੀ ਲੋੜ ਨਾ, ਦਸੋ ਅਸੀਂ ਏਹਨਾਂ ਕੇਹੜੇ ਹਲ ਜੋੜਨਾ।
ਮੇਹਨਤੀ ਮੁਸ਼ੱਕਤੀ ਜਿਨ੍ਹਾਂ ਦੇ ਸਾਥੀ ਨੇ, ਉਹਨਾਂ ਕਾਹਨੂੰ ਬਨ੍ਹਣੇ ਸਫੈਦ ਹਾਥੀ ਨੇ।
ਹੋਊ ਬੋਲ ਬਾਲਾ ਮੇਹਨਤੀ ਸਰਾਜ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

ਕਰਕੇ ਕਸਾਣ ਕੱਠੇ ਸਮਝਾ ਦਿਆਂ, ਚਾਹਾਂ ਅਸਮਾਨ ਨੂੰ ਭੀ ਅੱਗ ਲਾ ਦਿਆਂ।
ਭੰਨ ਦਿਆਂ ਨੱਕ ਪਾਪੀ ਦਾ, ਕੁਚਾਲ ਦਾ, ਗੀਟੀਆਂ ਕੀ ਸੈਹਣ ਧਮਕਾ ਭੁਚਾਲ ਦਾ।
ਬੰਦ ਕਰਾਂ ਮਾਮਲਾ, ਸੋਮਾ ਖਰਾਜ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

ਥਾਪੀ ਦੇਵਾਂ ਡੌਲੇ ਵਾਲੇ ਮਜ਼ਦੂਰ ਨੂੰ, ਪਲ ਵਿਚ ਪਾਵਾਂ ਰਸਤੇ ਹਜ਼ੂਰ ਨੂੰ।
ਜੇਨੂੰ ਤੁਸੀਂ ਦਿਤੀ ਪਦਵੀ ਹਕੀਰ ਦੀ, ਉਸੇ ਹੱਥ ਠੇਹਰੀ ਨਬਜ਼ ਸਰੀਰ ਦੀ।
ਰੇਲ ਦਾ ਚਲਾਵਾ ਨਾਖੁਦਾ ਜਹਾਜ਼ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

ਜੋਸ਼ ਨੌਜਵਾਨ ਦੇ ਨੂੰ ਕੌਣ ਰੋਕ ਲਊ, ਲੋਹੇ ਦੇ ਚਣੇ ਨੂੰ ਮੂੰਹ 'ਚਿ ਕੌਣ ਠੋਕ ਲਊ।
ਨੌਜਵਾਨ, ਮਜੂਰ ਜਾਂ ਕਸਾਣ ਮਿਲਿਆ, ਸੌਹਾਂ ਹਊ ਮੌਤ ਕੇਹਦਾ ਸਿਰ ਹਿਲਿਆ।
ਭਰੋ ਸਾਰੇ ਦਮ ਏਹਨਾਂ ਦੀ ਲਿਹਾਜ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

ਗੱਲਾਂ ਤੈਨੂੰ ਕੁਛ ਹੋਰ ਆ ਸੁਣਾ ਦਿਆਂ, ਸੋਝੀ ਦੇ ਕੁਫਲ ਵਿਚ ਚਾਬੀ ਲਾ ਦਿਆਂ।
ਦੇਖ ਰਾਜ ਕੇਹਦਾ ਅਜ ਰੂਸ ਵਿਚ ਹੈ, ਤੇਰੇ ਦੇਸ ਮੇਹਨਤੀ ਮਰੂਸ ਵਿਚ ਹੈ।
ਪਾਇਆ ਭੇਤ ਕੁਛ ਰੂਸ ਦੇ ਰਵਾਜ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

ਆ ਨਹੀ ਹਾਲ ਦੁਨੀਆ ਦਾ ਮੂਲ ਤੈਂ, ਵੇਖਿਆ ਨਹੀ ਬਰਤਾਨੀਆ ਮਲੂਲ ਤੈਂ।
ਹੈ ਸਲਤਨਤ ਟੁੱਟੀ ਜਾਂਵਦੀ, ਕੱਲੀ ਕੱਲੀ ਕੌਮ ਏਹਤੋਂ ਰੁੱਠੀ ਜਾਂਵਦੀ।
ਨਾ ਤੂੰ ਸ਼ੋਰ ਖਲਕ ਦੀ ਆਵਾਜ਼ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।
ਘਾਰੇ ਜਦੋਂ ਸਾਡਾ ਵੈਰੀ ਫਸਿਆ, ਸਮਝੋ ਨਸੀਬਾ ਸਾਡਾ ਆਣ ਹਸਿਆ।
ਲਈ ਸਿਖ ਨਾ ਪਠਾਣ ਘੱਲਣੇ, ਏਹਨਾਂ ਸਾਡੇ ਲਈ ਕਿਲੇ ਆਪ ਮੱਲਣੇ।
'ਇਕਬਾਲ' ਸਾਡਾ ਰਾਜ ਕਾਜ ਦਾ, ਤੁਖਮ ਉੜਾਵਾਂ ਜ਼ਾਲਮਾਂ ਦੇ ਰਾਜ ਦਾ।

ਗਦਰੀ

## ਦੋਹਰਾ :-

ਪਲਿਆ ਵਿਚ ਗੁਲਾਮੀਆਂ ਸੁੱਝੇ ਆਰ ਨਾ ਪਾਰ
ਗਦਰੀ ਚੀਰਨ ਸਾਗਰਾਂ ਤੂੰ ਡੁੱਬਾ ਮੰਝਧਾਰ

## ਕੋਰੜਾ ਛੰਦ

ਆ ਫਿਰੇਂ ਤੂੰ ਕਹੇਂ ਸੁਖ ਮਾਣਦਾ, ਗਾਂਧੀ ਤੋਂ ਬਿਨਾ ਨਾ ਕਿਸੇ ਹੋਰ ਜਾਣਦਾ।
ਟਾਂਗੇ ਵਾਹੇ ਨਹੀ ਕੁਛ ਦੇਖਿਆ, ਜ਼ੈਪਲਿਨ ਉੜਦਾ ਕਦੇ ਨਹੀ ਵੇਖਿਆ।
ਹੋਰ ਦੱਸ, ਕਰਨਾ ਗਿਆਨ ਹੈ, ਸਾਡੀ ਭੀ ਆਜ਼ਾਦੀ ਵਾਲਾ ਇਮਕਾਨ ਹੈ।
ਂ 'ਚਿ ਪਿਆ ਰਿਹਾ ਏਹੋ ਸੋਚਦਾ, ਗਾਂਧੀ ਕਿਵੇਂ ਰੇਖ ਵਿਚ ਮੇਖ ਠੋਕਦਾ।
ਾਏ ਰਾਹ ਗੋਡੀਂ ਹੱਥ ਲਾਂਦੇ ਨੇ, ਖੂਨਖਾਰ ਜ਼ਾਲਮਾਂ ਨੂੰ ਮਾਸ ਪਾਂਦੇ ਨੇ।
ੇ ਦੇ ਨਾਲ ਸਾਹਨ ਨੂੰ ਡਰਾਨ ਹੈ, ਇੰਜ ਨਾ ਆਜ਼ਾਦੀ ਵਾਲਾ ਇਮਕਾਨ ਹੈ।
ਰਜ਼ੀ ਭੀ ਇਕ ਵੱਡਾ ਰੋਗ ਹੈ, ਸੁਝਦਾ ਨਹੀ ਕੁਛ ਬਿਨਾ ਐਸ਼ ਭੋਗ ਹੈ।
ਭੇ ਖੁਭੇ ਤਾਹੀਉਂ ਵਫਾਦਾਰ ਹੋਂ, ਰਾਖੇ ਦਰ ਉਤੇ ਕਾਹਨੂੰ ਸਰਦਾਰ ਹੋਂ।
ਈ ਜੀਵੇ ਓਹ ਕੀ ਇਨਸਾਨ ਹੈ, ਸਾਡੀ ਭੀ ਆਜ਼ਾਦੀ ਵਾਲਾ ਇਮਕਾਨ ਹੈ।
ਚੁੱਕ ਕੱਠੇ ਜਦੋਂ ਬੈਹਂਦੇ ਆਨ ਨੇ, ਇਕ ਤੋਂ ਵਧੀਕ ਸਾਰੇ ਬੇਈਮਾਨ ਨੇ।
ਸ੍ਵਾਰਥਾਂ 'ਚਿ ਗਲਤਾਨ ਨੇ, ਪਰਜਾ ਵਿਚਾਰੀ ਲਈ ਸ਼ੈਤਾਨ ਨੇ।
ਦਾ ਗ੍ਰੰਥ ਨਾ ਕੋਈ ਕੁਰਾਨ ਹੈ, ਸਾਡੀ ਭੀ ਆਜ਼ਾਦੀ ਵਾਲਾ ਇਮਕਾਨ ਹੈ।
ਅੱਗੇ ਜਾਕੇ ਗੋਡੇ ਰਗੜੇਂਦੇ ਨੇ, ਹਾਕਮਾਂ ਦੇ ਸਾਹਮਣੇ ਪਾਣੀ ਭਰੇਂਦੇ ਨੇ।
ਾਲਾ ਜੀਣਾ ਭਲਾ ਕੇਹੜਾ ਮਾਣ ਹੈ, ਦੇਸੀ ਥਾਣੇਦਾਰ ਤਾਂ ਪੂਰਾ ਹੈਵਾਨ ਹੈ।
ਗੁਲਾਮਾਂ ਕੀ ਔਣਾ ਮੈਦਾਨ ਹੈ, ਸਾਡੀ ਭੀ ਆਜ਼ਾਦੀ ਵਾਲਾ ਇਮਕਾਨ ਹੈ।
ਮੈਦਾਨ ਜਦੋਂ ਆਣ ਗੱਜਿਆ, ਭੇਡਾਂ ਸਣੇ ਆਜੜੀ ਤੂੰ ਦੇਖੀਂ ਭੱਜਿਆ।
ਾਹਨੂੰ ਦੇਣ ਪੇਟ ਦੇ ਗੁਲਾਮ ਜੋ, ਨਿਕਲੇ ਨਾ ਰਣ ਵਿਕਦਾ ਹੈ ਦਾਮ ਜੋ।
ੋਂ ਈਮਾਨ ਵੇਚਦਾ ਸੁਆਨ ਹੈ, ਸਾਡੀ ਭੀ ਆਜ਼ਾਦੀ ਵਾਲਾ ਇਮਕਾਨ ਹੈ।

ਲੰਕਾ ਕਸ਼ਮੀਰ ਤੋੜੀ ਸਾਡਾ ਦੇਸ ਹੈ, ਬਰਮੀ ਬਲੋਚ ਆਪਣਾ ਹਮੇਸ਼ ਹੈ।
ਬੰਗਾਲੀ ਸਰਹੱਦੀਆਂ ਤੇ ਸਾਨੂੰ ਮਾਣ ਹੈ, ਰਾਜਪੂਤ ਸਿਖ ਛੇ ਫੁੱਟਾ ਜੁਵਾਨ ਹੈ।
ਨਾਲ ਹੀ ਜੁਸ਼ੀਲਾ ਜਾਣੋ ਮੁਸਲਮਾਨ ਹੈ, ਸਾਡੀ ਭੀ ਆਜ਼ਾਦੀ ਵਾਲਾ ਇਮਕਾਨ ਹੈ।

ਹੋਕੇ ਇਕ ਜਾਨ ਜਦੋਂ ਏਹਨਾਂ ਡੱਟਣਾ, ਵੈਰੀ ਵਿਚ ਆਨ ਸਣੇ ਮੂਲ ਪੱਟਣਾ।
ਠੈਹਰੇ ਸਰਦਾਰ ਨਾ ਕੋਈ ਰਾਏ ਖਾਨ ਹੈ, ਜਦੋਂ ਸ਼ਮਸ਼ੀਰ ਛੱਡਣਾ ਮਿਆਨ ਹੈ।
'ਇਕਬਾਲ' ਬਣਨਾ ਹੁਕਮਰਾਨ ਹੈ, ਸਾਡੀ ਭੀ ਆਜ਼ਾਦੀ ਵਾਲਾ ਇਮਕਾਨ ਹੈ।

ਗੁਲਾਮ ਦੋਹਰਾ :-

ਗਦਰੀ ਨੁਸਖਾ ਦੇਖਕੇ ਆਵੇ ਕੁਛ ਇਤਬਾਰ
ਤੁਰਿਆਂ ਨਵੇਂ ਅਸੂਲ ਤੇ ਬੇੜਾ ਹੋਵੇ ਪਾਰ

### ਕੋਰੜਾ ਛੰਦ

ਮੈਂ ਤਾਂ ਦੇਖ ਐਕੜਾਂ ਹਿਆਂ ਸੀ ਹਾਰਿਆ, ਰਹੋ ਵਫਾਦਾਰ ਚਿਤ ਵਿਚ ਧਾਰਿਆ।
ਆਇਆ ਚਿਤ ਕਦੇ ਜੇ ਕੋਮੀ ਖਿਆਲ ਸੀ, ਗਾਂਧੀ ਵਾਲੀ ਹਾਰ ਦੀ ਸੌਹੀਂ ਮਸਾਲ ਸੀ।
ਸ਼ਾਂਤਮਈ ਦੇਖ ਹੌਸਲਾ ਸੀ ਢਾ ਲਿਆ, ਹੋਊ ਜਿੱਤ ਗਦਰੀ ਮੈਂ ਭੇਦ ਪਾ ਲਿਆ।

ਕਾਂਗਰਸ ਜਮਾਤ ਧਨੀਆਂ ਦਾ ਟੋਲਾ ਹੈ, ਢੋਲ ਵਾਲਾ ਸ਼ੋਰ ਜੇਹੜਾ ਵਿਚੋਂ ਪੋਲਾ ਹੈ।
ਹਾਕਮ ਸ਼ੈਤਾਨ ਏਹ ਬੜਾ ਚਲਾਕ ਹੈ, ਜ਼ੋਰ ਕਾਂਗਰਸੀਆਂ ਦਾ ਲਿਆ ਜਾਚ ਹੈ।
'ਜੀਉ ਆਇਆਂ' ਗਦਰੀ ਘਸੁੰਨ ਵਾਲਿਆ, ਹੋਊ ਤੇਰੀ ਜਿੱਤ ਮੈਂ ਏਹ ਭੇਦ ਪਾ ਲਿਆ।

ਸ਼ਾਂਤੀ ਦੀ ਚਾਲ ਦੱਸੋ ਕੀ ਸਵਾਰਿਆ, ਵੈਰੀ ਅੱਗੇ ਨਾਲੋਂ ਫਿਰੇ ਹੰਕਾਰਿਆ।
ਗਾਂਧੀ ਲੰਡੀ ਕੁਕੜੀ ਸਮਝ ਰਖੀ ਹੈ, ਕਦੇ ਜੇਹਲੋਂ ਬਾਹਰ ਕਦੇ ਵਿਚ ਡੱਕੀ ਹੈ।
ਰੋਅਬ ਕੋਮ ਵਾਲਾ ਧਨੀਆਂ ਗਵਾ ਲਿਆ, ਹੋਊ ਜਿੱਤ ਗਦਰੀ ਮੈਂ ਭੇਦ ਪਾ ਲਿਆ।

ਗਾਂਧੀ ਜੈਨ ਮਤ ਨੂੰ ਅੱਗੇ ਰਖਾ ਲਿਆ, ਸਾਰੇ ਮੋਅਤਕਿਦਾਂ ਤਾਈਂ ਏਉਂ ਸੁਣਾ ਲਿਆ।
ਸ਼ਾਂਤੀ 'ਚਿ ਵਿਘਨ ਨਾ ਕੋਈ ਆ ਪਵੇ, ਦੇਸ ਦੀ ਆਜ਼ਾਦੀ ਭਾਵੇਂ ਦੂਰ ਜਾ ਪਵੇ।
ਗਾਂਧੀ ਨੇ ਤਾਂ ਪੰਥ ਹੀ ਨਵਾਂ ਚਲਾ ਲਿਆ, ਹੋਊ ਜਿੱਤ ਗਦਰੀ ਮੈਂ ਭੇਦ ਪਾ ਲਿਆ।

ਬਾਣੀਏ ਮੈਦਾਨ ਭਲਾ ਕਾਹਨੂੰ ਮਾਰਦੇ, ਘੜੇ ਮਛੀ ਵਾਂਗ ਹੱਥ ਸਰਕਾਰ ਦੇ।
ਸੁੰਢ ਤੇਲ ਵੇਚਕੇ ਵਿਹਾਏ ਜਿੰਦੜੀ, ਧੇਲਾ ਪੋਲੀ ਘਾਟੇ ਉਤੇ ਹਾਏ ਜਿੰਦੜੀ।
ਲੜਨੇ ਲਈ ਪਰਨੇ ਨੂੰ ਹੱਥ ਪਾ ਲਿਆ, ਹੋਊ ਜਿੱਤ ਗਦਰੀ ਮੈਂ ਭੇਦ ਪਾ ਲਿਆ।

ਪੁਜੇ ਓਹਨਾਂ ਤੱਕ ਨਹੀਂ ਜੋ ਮਾਰੇ ਹਾਲਿਆਂ, ਔਹਦਿਆਂ ਲਈ ਮੂੰਹ ਟੱਡੇ ਵਾਂਗ ਆਲਿਆਂ।
ਜੂਠ ਚੁੱਕ ਖਾਂਦਿਆਂ ਦੀ ਲਹੇ ਭੁੱਖ ਨਾ, ਮੰਗਤੇ ਨੂੰ ਮਿਲੇ ਰਜਵਾਂ ਭੀ ਟੁੱਕ ਨਾ।
ਆਕੇ ਕੱਟ ਬੰਧਨਾ ਕਟਾਰ ਵਾਲਿਆ, ਹੋਊ ਜਿੱਤ ਗਦਰੀ ਮੈਂ ਭੇਦ ਪਾ ਲਿਆ।

ਗੱਲਾਂ ਤੈਂ ਸੁਣਾਈਆਂ ਬੜੇ ਮੁਲ ਵਾਲੀਆਂ, ਮੈਂ ਤਾਂ ਕੀਤੀਆਂ ਸੀ ਸੱਭੇ ਭੁਲ ਵਾਲੀਆਂ।
ਰੁਕਣਾ ਨਹੀ ਦਲ ਕਿਰਤੀ ਕਸਾਣ ਦਾ, ਤੇਜ ਝੱਲਿਆ ਨਾ ਜਾਵੇ ਨੌਜਵਾਨ ਦਾ।
ਮਾਰ ਬੁੱਭ ਸ਼ੇਰਾ 'ਇਕਬਾਲ' ਵਾਲਿਆ, ਹੋਊ ਜਿੱਤ ਗਦਰੀ ਮੈਂ ਭੇਦ ਪਾ ਲਿਆ।

ਗਦਰੀ ਦੋਹਰਾ :-

ਅਸਲਾ ਤੇਰਾ ਸ਼ੇਰ ਦਾ ਚੁੱਕੀ ਛੱਟ ਘੁਮਾਰ
ਚੇਹਰਾ ਤੈਨੂੰ ਦਿਸ ਪਿਆ ਸ਼ੀਸ਼ੇ ਦੇ ਵਿਚਕਾਰ

## ਕੋਰੜਾ ਛੰਦ

ਖੋਤਿਆਂ 'ਚਿ ਸ਼ੇਰ ਜਿਉਂ ਖੁਵਾਰ ਹੋਇਆ ਸੀ, ਪਿੱਠ ਉਤੇ ਜ਼ੁਕਿਆ ਘੁਮਾਰ ਹੋਇਆ ਸੀ।
ਜ਼ਾਤ ਤੇਰੀ ਖੂਬ ਮੈਂ ਪਛਾਣ ਗਿਆ ਸਾਂ, ਸ਼ੇਰ ਵਾਲੀ ਅੱਖ ਮੈਂ ਸਿਆਣ ਗਿਆ ਸਾਂ।
ਇਸੇ ਲਈ ਅੱਗੇ ਮੈਂ ਆਈਨਾ ਰਖਿਆ, ਖੋਲ ਭਾਈ ਅੱਗੇ ਤੇਰੇ ਸੀਨਾ ਰਖਿਆ।

ਹੋਣ ਮਰਗਿੰਦ ਜੋ ਨਹੀ ਘਾਸ ਚਰਦੇ, ਪਿੰਜਰੇ ਦੇ ਵਿਚ ਨਹੀ ਸੁਕ ਮਰਦੇ।
ਚਿਤ ਆਵੇ ਕਰਨਾ ਏ ਰਾਜ ਬਨਦਾ, ਚੁੰਘਿਆ ਜੇ ਦੁਧ ਸ਼ੇਰਨੀ ਦੇ ਥਣ ਦਾ।
ਖੋਤੜੇ ਦਾ ਭੇਸ ਕਿਉਂ ਕਮੀਨਾ ਰਖਿਆ, ਖੋਲ ਭਾਈ ਅੱਗੇ ਤੇਰੇ ਸੀਨਾ ਰਖਿਆ।

ਦੇਖ ਤੇਰੇ ਚੇਹਰੇ ਉਤੇ ਲਾਲੀ ਆ ਗਈ, ਅਟੱਕ ਦੇ ਵਿਚ ਜਿਵੇਂ ਛਾਲੀ ਆ ਗਈ।
ਭੋਲਾ ਸੀ ਕਸਾਣ ਆਪਾ ਗਿਆ ਭੁਲ ਸੀ, ਹੀਰਾ ਹਿੰਦ ਦਾ ਤੂੰ ਰਿਹਾ ਕੌਡੀ ਮੁਲ ਸੀ।
ਤੇਰੇ ਨਾਲ ਸਾਰਿਆਂ ਨੇ ਕੀਨਾ ਰਖਿਆ, ਤੇਰੇ ਅੱਗੇ ਖੋਲ ਭਾਈ ਸੀਨਾ ਰਖਿਆ।

ਤੂਏਂ ਖੁਦ ਆਸ ਸਾਰੇ ਜਗ ਸੰਦੜੀ, ਸਭ ਨਾਲੋਂ ਹਾਲਤ ਹੈ ਤੇਰੀ ਮੰਦੜੀ।
ਹੋਕੇ ਤੂੰ ਭੰਡਾਰੀ ਜਗ ਦਿਆ 'ਇੰਦਰਾ', ਰੋਟੀ ਬਾਝ ਰੈਹ ਗਿਆ ਸਰੀਰ ਪਿੰਜਰਾ।
ਪਾਲਿਆ ਜਹਾਨ ਪਰ ਜੀ ਨਾ ਰਖਿਆ, ਤੇਰੇ ਅੱਗੇ ਖੋਲ ਭਾਈ ਸੀਨਾ ਰਖਿਆ।

ਤੇਰੇ ਕੋਲੋਂ ਰਖਣਾ ਕੀ ਵੇਦ ਛਪਿਆ, ਕੱਖ ਓਲੇ ਲੱਖ ਦਾ ਸੀ ਭੇਦ ਛਪਿਆ।
ਦੁਨੀਆ ਦੇ ਸੁਖ ਦੀ ਕਸਾਣ ਖਾਨ ਹੈ, ਕਿਉਂਕਿ ਅੱਨ ਵਿਚ ਸਭਨਾ ਦੀ ਜਾਨ ਹੈ।
'ਇਕਬਾਲ' ਖੋਲਕੇ ਖਜ਼ੀਨਾ ਰਖਿਆ, ਤੇਰੇ ਅੱਗੇ ਖੋਲ ਭਾਈ ਸੀਨਾ ਰਖਿਆ।

ਗੁਲਾਮ ਦੋਹਰਾ :-

ਸੁਣਕੇ ਤੇਰੇ ਸੁਖਨ ਨੂੰ ਗਿਆ ਮੈਂ ਆਪ ਪਛਾਣ
ਮੁਰਦੇ ਵਿਚ ਸਰੀਰ ਦੇ ਪਾ ਦਿਤੀ ਤੈਂ ਜਾਨ

## ਕੋਰੜਾ ਛੰਦ

ਬਸ ! ਕੁਛ ਹੋਰ ਗਦਰੀ ਸੁਣਾਈ ਨਾ, ਬਲਦੀ ਤੇ ਤੇਲ ਜਾਣਕੇ ਤੂੰ ਪਾਈਂ ਨਾ।

ਜਾਣ ਗਿਆ ਖ਼ੂਨ ਜਿਨ ਹੈ ਨਚੋੜਿਆ, ਦੇਖੀਂ ਪਲ ਵਿਚ ਧੌਣ ਤੋਂ ਮਰੋੜਿਆ।
ਰਾਤ ਦਿਨੇ ਖੱਪਦਾ ਭੀ ਰਿਹਾ ਕੰਗਲਾ, ਫੂਕਸਾਂ ਕਚੈਹਰੀ ਜਾਕੇ ਢਾਵਾਂ ਬੰਗਲਾ।

ਇਕ ਪਾਸੇ ਹਾਕਮਾਂ ਨੇ ਵੱਢੂ ਖਾ ਲਿਆ, ਦੂਜੇ ਪਾਸੇ ਮਜ਼ਹਬਾਂ ਨੇ੍ਰਾ ਢੁਆ ਲਿਆ।
ਮੰਦਰੀਂ ਮਸੀਤੀਂ ਬੈਠੇ ਪੀਣ ਖਾਣ ਨੂੰ, ਬਾਂਦਰੀ ਸੁਖਾਵੇ ਰਿਛ ਡੰਡੇ ਖਾਣ ਨੂੰ।
'ਇਕਬਾਲ' ਨਿਕਲ ਮਚਾਵਾਂ ਦੰਗਲਾ, ਫੂਕਸਾਂ ਕਚੈਹਰੀ ਜਾਕੇ ਢਾਵਾਂ ਬੰਗਲਾ।

ਗਦਰੀ

## ਦੋਹਰਾ :-

ਸੁਣ ਐ ਅਣਖੀ ਪੁਤਲਿਆ ਕਰੀਂ ਨਾ ਕੱਲਾ ਵਾਰ
ਜੰਗ ਅਜ਼ਮਾਈ ਕਰਨ ਤੋਂ ਪੈਹਲਾਂ ਠੀਕ ਵਿਚਾਰ

## ਕੋਰੜਾ ਛੰਦ

ਕੱਲੇ ਕੱਲੇ ਮਾਰਿਆਂ ਨਾ ਵੈਰੀ ਮੁਕਣੇ, ਤਿਪਕਿਆਂ ਨਾਲ ਨਹੀ ਬਨ੍ਹ ਟੁਟਣੇ।
ਪੈਦਲਾਂ ਤੋਂ ਜਿੱਤੀ ਜਾਣੀ ਘੋੜ ਦੌੜ ਨਾ, ਕੱਲੀ ਕੱਲੀ ਬਦਲੀ ਹਟਾਵੇ ਔੜ ਨਾ।
ਜਥੇਬੰਦ ਵੈਰੀ ਹੈ ਅਤੁੱਟ ਮਾਰਨਾ, ਇਕੋ ਵਾਰ ਜੜ੍ਹੋਂ ਰੋਗ ਪੁੱਟ ਮਾਰਨਾ।

ਜਥੇਬੰਦੀ ਆਪ ਪੈਹਲਾਂ ਪੱਕੀ ਕਰ ਲੌ, ਬਦਲਾਂ ਦੀ ਕਾਲੀ ਘਟਾ ਕੱਠੀ ਕਰ ਲੌ।
ਪਾਸਿਆਂ ਚੌਹਾਂ ਤੋਂ ਸਾਰਿਆਂ ਨੇ ਵਰ੍ਹਨਾ, ਚੋ ਕੇ ਧਾਰੀਂ ਜਲ ਥਲ ਇਕ ਕਰਨਾ।
ਪੈਰੋਂ ਕੱਢ ਤੀਲੇ ਵਾਂਗ ਚੁੱਕ ਤਾਰਨਾ, ਇਕੋ ਵਾਰ ਜੜ੍ਹੋਂ ਰੋਗ ਪੁੱਟ ਮਾਰਨਾ।

ਧਰਤੀ ਦੇ ਪੇਟ ਵਿਚ ਅੰਗਿਆਰ ਨੇ, ਦੱਬ ਛੱਡੇ ਹੇਠ ਮਿੱਟੀ ਤੇ ਪਹਾੜ ਨੇ।
ਹੋਕੇ ਇਕ ਸੂਤ ਜਦੋਂ ਜ਼ੋਰ ਲਾਂਵਦੇ, ਆਂਵਦੇ ਭੁਚਾਲ ਥਲ ਪਾਟ ਜਾਂਵਦੇ।
ਇਸੇ ਤਰਾਂ ਅੱਗ ਬਣ ਵੈਰੀ ਸਾੜਨਾ, ਇਕੋ ਵਾਰ ਜੜ੍ਹੋਂ ਰੋਗ ਪੁੱਟ ਮਾਰਨਾ।

ਜਿਵੇਂ ਤੈਨੂੰ ਦਸਿਆ ਅਕੱਠ ਕਰਨਾ, ਆਜਜ਼ਾਂ ਦੀ ਪਿੱਠ ਪੁਰ ਹੱਥ ਧਰਨਾ।
ਨਿਓਂ ਜਿਸ ਉਤੇ ਸਰਕਾਰ ਖੜੀ ਹੈ, ਸਾਥੋਂ ਬਿਨਾ ਦਸ ਕੇਹਦੇ ਉਤੇ ਖੜੀ ਹੈ।
ਪੱਟੋਂ ਕੱਢ ਵੈਰੀ ਨੂੰ ਪਟੱਕ ਮਾਰਨਾ, ਇਕੋ ਵਾਰ ਜੜ੍ਹੋਂ ਰੋਗ ਪੁੱਟ ਮਾਰਨਾ।

ਵੈਰੀ ਲਈ ਗਦਰ ਸੁਨੇਹਾ ਮੌਤ ਦਾ, ਨਿਕਲੇ ਜਨਾਜ਼ਾ ਹੋਏ ਵੈਰੀ ਫੌਤ ਦਾ।
ਜਿਵੇਂ ਝਾੜ ਵੱਢ ਕਰਸਾਣ ਬੀਜਦਾ, ਕਰਕੇ ਸਫਾਈ ਗਦਰੀ ਏ ਰੀਝਦਾ।
'ਇਕਬਾਲ' ਮੂਲੀ ਵਾਂਗ ਕੱਟ ਮਾਰਨਾ, ਇਕੋ ਵਾਰ ਜੜ੍ਹੋਂ ਰੋਗ ਪੁੱਟ ਮਾਰਨਾ।

ਫੇਰ ਗਦਰੀ :-

ਦਸ ਦੇਹ ਭਰਾਵਾਂ, ਜਦੋਂ ਮਾਰੂ ਵੱਜਿਆ, ਹੋਵੇ ਸੀਸ ਸੂਰਿਆਂ ਸੰਜੋਆ ਸੱਜਿਆ।
ਜਾਕੇ ਕਰਾਂ ਹੜਤਾਲ ਦੀ ਤਿਆਰੀ ਮੈਂ, ਪਾਵਾਂ ਵੈਰੀਆਂ ਤੇ ਆਨ ਵਿਚ ਭਾਰੀ ਮੈਂ।

ਤੁਸੀਂ ਹਾਲਾ ਨਹੀ ਚਾਹੀ, ਨੈਹਰੀ ਤਾਰਨਾ, ਸਾਡੇ ਅੱਗੇ ਚੀਜ਼ ਕੀ ਏ ਵੈਰੀ ਮਾਰਨਾ।
ਆਖ ਦੇਣਾ ਫੌਜਾਂ ਤੋਂ ਕਿਸੇ ਨਹੀ ਡਰਨਾ, ਓਹਨਾਂ ਸਾਡੇ ਉਤੇ ਫੈਰ ਨਹੀ ਕਰਨਾ।
ਏਕਾ ਜੋ ਮੂਜਰ ਤੇ ਕਸਾਣ ਹੋ ਗਿਆ, ਨਾਲ ਏਹਨਾਂ ਜਦੋਂ ਨੌਜਵਾਨ ਹੋ ਗਿਆ।
ਲੈਕੇ ਨਾਲ ਫੌਜ ਬੇੜਾ ਬੇਹਰੀ ਮਾਰਨਾ, ਸਾਡੇ ਅੱਗੇ ਚੀਜ਼ ਕੀ ਏ ਵੈਰੀ ਮਾਰਨਾ।
ਹੋਕੇ ਜੇਹੜਾ ਸੋਹਾਂ ਸਾਡੇ ਨਾਲ ਲੜੂਗਾ, ਹਿੱਕ ਵਿਚ ਗੋਲੀ ਖਾ ਬੇਹਾਲ ਮਰੂਗਾ।
ਦੇਸ਼ ਘਾਤ ਲੁਕਕੇ ਕਮਾਇਆ ਜਿਸ ਨੇ, ਵੈਰੀਆਂ ਨੂੰ ਰਾਸ਼ਨ ਪੁਚਾਇਆ ਜਿਸ ਨੇ।
ਸੱਦ 'ਇਕਬਾਲ' ਨੇ ਕਚੇਹਰੀ ਮਾਰਨਾ, ਸਾਡੇ ਅੱਗੇ ਚੀਜ਼ ਕੀ ਏ ਵੈਰੀ ਮਾਰਨਾ।

"ਇਨਕਲਾਬ ਜ਼ਿੰਦਾ ਬਾਦ"

# ਗਦਰੀ ਸਹਿੱਤ ਪੜ੍ਹੋ !

ਗੁਲਾਮ ਹਿੰਦੁਸਤਾਨ ਦੇ ਬੰਧਨ ਕੱਟਣ ਵਾਸਤੇ ਤੜਪ ਰਹੇ ਕੌਮ ਪਰਸਤਾਂ ਨੂੰ ਇਨਕਲਾਬੀ ਰਸਤੇ ਪੁਰ ਲਿਔਣਾ ਬੜਾ ਜ਼ਰੂਰੀ ਹੈ। 'ਗਦਰ ਪ੍ਰੈਸ' ਇਨਕਲਾਬੀ ਸਹਿੱਤ ਪੈਦਾ ਕਰਨ ਵਾਸਤੇ ਰਾਤ ਦਿਨ ਇਕ ਕਰ ਰਿਹਾ ਹੈ ਤੇ ਅਣਖੀ ਹਿੰਦੁਸਤਾ-ਨੀਆਂ ਨੂੰ ਦੁਸ਼ਮਣ ਪੁਰ ਕਾਰੀ ਸੱਟ ਮਾਰਨ ਵਾਸਤੇ ਵੰਗਾਰ ਰਿਹਾ ਹੈ। ਬਦੇਸ਼ੀ ਹਕੂਮਤ ਵਾਸਤੇ ਮੌਤ ਦਾ ਸੁਨੇਹਾ ਲਜਾਣ ਵਾਲਾ ਏਹ ਗਦਰੀ ਸਹਿੱਤ ਸਿਧਾ ਦੇਸ ਨਹੀ ਭੇਜਿਆ ਜਾ ਸਕਦਾ, ਪਰ ਜੋ ਸਜਣ ਜੇਲ ਰੂਪੀ ਦੇਸ ਤੋਂ ਬਾਹਰ ਹਨ ਓਹ ਖੁਸ਼ਕਿਸਮਤ ਹਨ ਕਿਉਂਕਿ ਓਹ ਹਰ ਤਰਾਂ ਦਾ ਇਨਕਲਾਬੀ ਸਹਿੱਤ ਸੁਖੈਨ ਹੀ ਹਾਸਲ ਕਰ ਸਕਦੇ ਹਨ ਤੇ ਕਈਆਂ ਢੰਗਾਂ ਨਾਲ ਦੇਸ ਵਿਚ ਭੀ ਘੱਲ ਸਕਦੇ ਹਨ। ਇਸ ਲਈ

## ਐ ਗਦਰ ਪ੍ਰੇਮੀਓ !

ਮੁਰਦਾਂ ਰੂਹਾਂ ਵਿਚ ਜਾਨ ਪੌਣ ਵਾਲਾ ਤੇ ਦੇਸ ਨੂੰ ਮੁਕੱਮਲ ਆਜ਼ਾਦੀ ਦਵਾ ਕੇ ਸਾਡੀ ਪੇਸ਼ਾਨੀ ਉਪਰੋਂ ਕਾਲਾ ਦਾਗ ਧੋਣ ਵਾਲਾ 'ਗਦਰੀ ਸਹਿੱਤ' ਮੰਗਾਓ ॥

ਹੇਠ ਲਿਖੀਆਂ ਪੁਸਤਕਾਂ, ਗੂੰਜਾਂ ਤੇ ਸੈਂਚੀਆਂ ਵਾਸਤੇ ਅੱਜ ਹੀ ਖਤ ਲਿਖੋ :-

੧. ਗਦਰ ਗੂੰਜਾਂ ਜੋ ਸੱਤ ਨੰਬਰ ਤੱਕ ਛਪ ਚੁਕੀਆਂ ਹਨ ਤੇ ਪੈਹਲਾ, ਦੂਸਰਾ ਤੇ ਚੌਥਾ ਨੰਬਰ ਉਰਦੂ ਵਿਚ ਭੀ ਮਿਲ ਸਕਦੀਆਂ ਹਨ ॥

| | |
|---|---|
| ੨. ਨੀਮ ਹਕੀਮ ਖਤਰਾ ਜਾਨ | ਗੁਰਮੁਖੀ ਤੇ ਉਰਦੂ ਵਿਚ |
| ੩. ਗੁਲਾਮੀ ਦੀ ਜ਼ੇਹਰ | ਦੋਹਾਂ ਜ਼ਬਾਨਾਂ ਵਿਚ |
| ੪. ਰੂਸੀ ਗਦਰੀਆਂ ਦੇ ਕਾਰਨਾਮੇ | ,, ,, ,, |